

# ਅੰਮ੍ਰਿਤਾ ਪ੍ਰੀਤਮ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

# ਅੰਮ੍ਰਿਤਾ ਪ੍ਰੀਤਮ

ਪ੍ਰਕਾਸ਼ਕ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਪਹਿਲੀ ਵਾਰ ੨੦੦੦

ਮਨਜੀਤ ਪ੍ਰਿੰਟਿੰਗ ਅਤੇ ਪਬਲਿਸ਼ਿੰਗ ਕੰਪਨੀ, ਪਟਿਆਲਾ ਵਿਚ ਛਪੀ ਅਤੇ
ਸ. ਰਣਜੀਤ ਸਿੰਘ ਗਿੱਲ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ,ਪਟਿਆਲਾ
ਵਲੋਂ ਪਰਕਾਸ਼ਤ ਹੋਈ ।

## ਤਤਕਰਾ


| | | |
|---|---|---|
| ੧. ਅੰਮ੍ਰਿਤਾ ਪ੍ਰੀਤਮ-ਜੀਵਨ ਤੇ ਰਚਨਾ | —ਪਿਆਰਾ ਸਿੰਘ ਪਦਮ | ੧ |
| ੨. ਅੰਮ੍ਰਿਤਾ ਦੀ ਕਵਿਤਾ ਦਾ ਵਿਕਾਸ | —ਸ਼ਮਸ਼ੇਰ ਸਿੰਘ ਅਸ਼ੋਕ | ੧੭ |
| ੩. ਲੋਕ-ਕਵਿਤ੍ਰੀ ਅੰਮ੍ਰਿਤਾ | —ਇੰਦ੍ਰ ਸਿੰਘ ਚਕ੍ਰਵਰਤੀ | ੨੯ |
| ੪. ਗੀਤਕਾਰ ਅੰਮ੍ਰਿਤਾ | —ਸਰਨ ਸਿੰਘ ਸਰੋਜ | ੩੯ |
| ੫. ਨਾਵਲਕਾਰ ਅੰਮ੍ਰਿਤਾ | —ਕਪੂਰ ਸਿੰਘ | ੪੬ |
| ੬. ਕਹਾਣੀਕਾਰ ਅੰਮ੍ਰਿਤਾ | —ਬਲਬੀਰ ਸਿੰਘ | ੫੬ |
| ੭. ਅੰਮ੍ਰਿਤਾ-ਇਕ ਨੇੜਿਓਂ-ਤੱਕਿਆ ਚਿਤ੍ਰ | —ਸੂਰਨ ਵਾਢੀਆ | ੬੧ |
| ੮. ਕਾਵਿ-ਵੰਨਗੀ | —(ਅੰਮ੍ਰਿਤਾ ਦੀਆਂ ਕੁਝ ਕਵਿਤਾਵਾਂ) | ੭੦ |


# ਦੋ ਸ਼ਬਦ

ਸਾਹਿਤ ਬੋਲੀ ਦੀ ਆਤਮਾ ਅਤੇ ਸਾਹਿੱਤਕਾਰ ਬੋਲੀ ਦੇ ਉਸਰੀਏ ਹਨ। ਕਿਸੇ ਭਾਸ਼ਾ ਨੂੰ ਉੱਨਤ ਤੇ ਵਿਕਸਤ ਕਰਨ ਲਈ ਸਾਹਿੱਤਕਾਰਾਂ ਦਾ ਯਥਾਯੋਗ ਸਨਮਾਨ ਇਕ ਅਵੱਸ਼ਕ ਸਾਧਨ ਹੈ ਤਾਂ ਜੋ ਸਾਹਿੱਕਾਰ ਆਪਣੀਆਂ ਭਾਸ਼ਾਵਾਂ ਦੇ ਭੰਡਾਰ ਵਿਚ ਵੱਧ-ਤੋਂ-ਵੱਧ ਉਸਾਰੂ ਤੇ ਨਿੱਗਰ ਹਿੱਸਾ ਪਾ ਸਕਣ। ਇਸ ਲਈ ਰਾਸ਼ਟਰ ਅਤੇ ਸਰਕਾਰ ਵੱਲੋਂ ਸਾਹਿੱਤਕਾਰਾਂ ਦਾ ਸਨਮਾਨ ਇਕ ਅਤਿਅੰਤ ਲੋੜੀਂਦਾ ਕਰਤੱਵ ਹੈ। ਜਿਸ ਦੇ ਫਲ ਵਜੋਂ ਸੁਤੰਤਰ ਭਾਰਤ ਵਿੱਚ ਲੋਕ-ਭਾਸ਼ਾਵਾਂ ਦੇ ਮੰਨੇ-ਪ੍ਰਮੰਨੇ ਸਾਹਿੱਤਕਾਰਾਂ ਨੂੰ ਸਰਕਾਰ ਵਲੋਂ ਯੋਗ ਸਨਮਾਨ ਦੇਕੇ ਨਿਰੰਤਰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਭਾਸ਼ਾ ਵਿਭਾਗ, ਪੰਜਾਬ ਦੇ ਏਕੀਕਰਣ ਤੋਂ ਪਹਿਲਾਂ ਪੈਪਸੂ ਸਰਕਾਰ ਨੇ ਪੰਜਾਬ ਦੇ ਹਿੰਦੀ ਤੇ ਪੰਜਾਬੀ ਦੇ ਸਿਰ-ਕੱਢਵੇਂ ਸਾਹਿੱਤਕਾਰਾਂ ਨੂੰ ਸਨਮਾਨ ਦੇਣ ਦੀ ਜੋ ਪਰਣਾਲੀ ਪ੍ਰਚੱਲਤ ਕੀਤੀ ਸੀ ਉਸਦੇ ਅਨੁਸਾਰ ਇਸ ਵਾਰੀ ਪੰਜਾਬ ਸਰਕਾਰ ਨੇ ਪੰਜਾਬੀ ਦੀ ਪ੍ਰਸਿੱਧ ਤੇ ਸਰੇਸ਼ਟ ਕਵਿੱਤ੍ਰੀ ਸ੍ਰੀਮਤੀ ਅੰਮ੍ਰਿਤਾ ਪ੍ਰੀਤਮ ਨੂੰ ਸਨਮਾਨਣ ਦਾ ਫੈਸਲਾ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਸੂਖਮ ਪ੍ਰਤਿਭਾ ਤੇ ਚਿਰੰਜੀਵ ਸਾਹਿੱਤਕ ਸੇਵਾ ਪਾਠਕਾਂ ਲਈ ਕੋਈ ਲੁਕੀ-ਛਿਪੀ ਗੱਲ ਨਹੀਂ। ਪੰਜਾਬੀ ਤੇ ਪੰਜਾਬੀ-ਸਾਹਿਤ ਦੇ ਪ੍ਰੇਮੀ ਇਸ ਦੀ ਅਦੁਤੀ ਮਹਾਨਤਾ ਤੋਂ ਭਲੀ ਪ੍ਰਕਾਰ ਜਾਣੂ ਹਨ। ਪ੍ਰਸੰਸਾ ਵਜੋਂ ਭੇਟ ਕੀਤੀ ਜਾ ਰਹੀ ਇਹ ਪੁਸਤਕਾ ਉਸਦੇ ਸਾਹਿੱਤਕ ਜੀਵਨ ਤੇ ਰਚਨਾਵਾਂ ਬਾਰੇ ਸੰਖੇਪ ਵਾਕਫੀ ਦੇਣ ਦਾ ਇਕ ਯਤਨ ਹੈ। ਆਸ ਹੈ ਕਿ ਪਾਠਕ ਇਸ ਦਾ ਯੋਗ ਸੁਆਗਤ ਕਰਨਗੇ।

ਰਣਜੀਤ ਸਿੰਘ ਗਿੱਲ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਪਟਿਆਲਾ]





ਸ੍ਰੀ ਮਤੀ ਅੰਮ੍ਰਿਤਾ ਪ੍ਰੀਤਮ

# ਅੰਮ੍ਰਿਤਾ ਪ੍ਰੀਤਮ-ਜੀਵਨ ਤੇ ਰਚਨਾ

ਪੈਰ ਜੱਗ ਦੇ ਮੰਜ਼ਲਾਂ ਢੂੰਡ ਸੱਕਣ,
ਦੋਹਾਂ ਦੀਵਿਆਂ ਨੂੰ ਈਕੁਣ ਬਾਲਣਾ ਵੇ
ਨਵੀਂ ਰੁਤ ਦਾ ਕੋਈ ਸੰਦੇਸ਼ ਦੇਣਾ,
ਏਸ ਕਾਨੀ ਦੀ ਲਾਜ ਨੂੰ ਪਾਲਣਾ ਵੇ ।

ਆਧੁਨਿਕ ਪੰਜਾਬੀ ਕਾਵਿ-ਧਾਰਾ ਦੇ ਪਰਵਾਹਕਾਂ ਵਿੱਚੋਂ ਅੰਮ੍ਰਿਤਾ ਪ੍ਰੀਤਮ ਇਕ ਬਹੁਤ ਵੱਡਾ ਨਾਂ ਬਣ ਗਿਆ ਹੈ। ਇਸ ਲਈ ਨਹੀਂ ਕਿ ਉਸ ਅਪਣੀ ਮੁਹੱਬਤ ਦੇ ਗੀਤ ਚੰਗੀ ਕੋਮਲ ਇਸਤਰੀ-ਸੁਰ ਵਿਚ ਗਾਏ ਹਨ, ਜਾਂ ਉਸ ਅਪਣੇ ਨਿਜੀ ਸੀਮਤ ਘੇਰੇ ਨੂੰ ਤਜ ਕੇ 'ਪੰਜਾਬ ਦੀ ਆਵਾਜ਼' ਬਣਨਾ ਪਰਵਾਨ ਕੀਤਾ ਹੈ ਸਗੋਂ ਇਸ ਕਾਨੀ ਦੀ ਲਾਜ ਪਾਲਣ ਵਾਲੀ ਸੁਹਿਰਦ ਸੁਆਣੀ ਨੇ ਆਪਣੇ ਕਾਵਿ-ਦੀਪਕਾਂ ਨੂੰ ਇਉਂ ਜਗਮਗਾਇਆ ਹੈ ਕਿ ਉਸ ਦੀ ਲਲਿਤ ਕਾਵਿ-ਧੁਨੀ ਦੇਸ ਕੌਮ ਦੇ ਹੱਦ-ਬੰਨੇ ਲੰਘ ਕੇ ਅੱਜ 'ਮਨੁੱਖਤਾ ਦੀ ਆਵਾਜ਼' ਬਣ ਗਈ ਹੈ। ਤੇ ਇਸ ਕਰਤੱਵ ਨਾਲ ਉਸ ਦੀ ਆਪਣੀ ਸ਼ਖਸੀਅਤ ਵੀ ਲਿਸ਼ਕ ਉਠੀ ਹੈ। ਉਸ ਦੇ ਸੁੰਦਰ ਸੁਨੱਖੇ ਬੋਲ ਮਧੁਰਤਾ ਖਿਲਾਰਨਹਾਰੇ ਹਨ, ਉਸ ਦੇ ਸ਼ਬਦ-ਚਿਤਰ ਤੇ ਭਾਵ-ਚਿਤਰ ਜਾਦੂ ਕਰਨਹਾਰੇ ਤੇ ਉਸ ਦੀ ਕਲਪਣਾ ਦੀ ਸਤਰੰਗੀ ਪੀਂਘ ਵਾਰੇ ਵਾਰੇ ਜਾਣ ਵਾਲੀ ਹੈ। ਉਸ ਦੇ 'ਸੁਨੇਹੜੇ' ਸਚਮੁਚ ਮਨੁੱਖਤਾ ਲਈ ਇਕ ਪੈਗ਼ਾਮ ਦੇ ਰਹੇ ਦਿਸਦੇ ਹਨ, ਉਹ ਆਪਣੇ ਗੀਤ ਨੂੰ ਸੰਬੋਧਦੀ ਖ਼ੁਦ ਆਖਦੀ ਹੈ :–

ਇਸ਼ਕ ਹੈ ਨਾਕਾਮ ਮੇਰਾ
ਰਹਿ ਜਾਏ ਨਾਕਾਮ ਇਹ
ਸੋਚਦੀ ਹਾਂ ਦੇ ਜਾਏ ਪਰ
ਇਕ ਮੇਰਾ ਪੈਗ਼ਾਮ ਇਹ ।
ਗੀਤ ਮੇਰੇ ! ਕਰ ਦੇ ਮੇਰੇ
ਇਸ਼ਕ ਦਾ ਕ਼ਰਜ਼ਾ ਅਦਾ
ਤੇਰੀ ਹਰ ਇਕ ਸਤਰ 'ਚੋਂ
ਆਵੇ ਜ਼ਮਾਨੇ ਦੀ ਸਦਾ ।

ਉਹ ਆਪਣੀ ਪ੍ਰੀਤ ਨੂੰ ਗਾਉਂਦੀ ਇਸ ਤਰ੍ਹਾਂ ਬ੍ਰਹਿਮੰਡੀ ਸੁਰਾਂ ਨਾਲ ਉਸ ਨੂੰ ਇੱਕਮਿੱਕ ਕਰਦੀ ਜਾਂਦੀ ਹੈ ਕਿ ਹਰ ਸ੍ਰੋਤਾ ਉਸ ਨੂੰ ਆਪਣਾ ਆਤਮਗੀਤ ਸਮਝ ਕੇ ਵਜਦ ਵਿੱਚ ਆ ਜਾਂਦਾ ਹੈ, ਜਿਸ ਖ਼ੂਬਸੂਰਤੀ ਨਾਲ ਜੁਗ ਦੀ ਵੇਦਨਾ ਨੂੰ ਉਹ ਆਪਣੇ ਗੀਤਾਂ ਵਿੱਚ ਗੁੰਦ ਸਕੀ ਹੈ, ਉਤਨਾ ਕਿਸੇ ਹੋਰ ਕੋਲੋਂ ਨਹੀਂ ਸਰਿਆ। ੪੭ ਦੇ ਸੰਕਟ-ਕਾਲ ਵਿੱਚ ਵਾਰਸ ਨੂੰ ਸੰਬੋਧਣਾ ਉਸੇ ਦਾ ਇਕ ਨਿਰਾਲਾ ਬੀਰ-ਕਰਮ ਸੀ, ਜਿਸ ਨੇ ਉਸਦੀ ਧੁੰਮ ਧੁੰਮਾਈ । ਬੰਗਾਲੀ ਦੇ ਮਸ਼ਹੂਰ ਵਿਦਵਾਨ ਸ਼ਾਤੀ ਰੰਜਨ ਬੰਦੋਪਾਧਿਆਇ ਠੀਕ ਲਿਖਦੇ ਹਨ :–

'ਆਧੁਨਿਕ ਹੋਣ ਤੇ ਵੀ ਸ੍ਰੀ ਅੰਮ੍ਰਿਤਾ ਪ੍ਰੀਤਮ ਦਾ ਮਨੋ-ਲੋਕ ਸਾਰਿਆਂ ਤੋਂ ਵੱਖਰਾ ਹੈ, ਉਹ ਕਲਾਸਿਕ ਕਵੀ ਹੈ। ਇਸ ਯੁਗ ਦੀ ਕਵਿਤਰੀ ਹੈ, ਫਿਰ ਵੀ ਉਹ ਸ਼ਬਦਾਂ ਦੇ ਮੋਹ ਵਿੱਚ ਖੋ ਜਾਣ ਵਾਲੀ ਨਹੀਂ, ਉਸ ਦੀ ਕਵਿਤਾ ਵਿੱਚਲਾ ਸੰਗੀਤ, ਛੰਦਾਂ ਦੀ ਛਣਕਾਰ, ਉਪਮਾ ਤੇ ਰੂਪ-ਚਿੱਤਰ ਮਨ ਨੂੰ ਮੋਹ ਲੈਣ ਵਾਲੇ ਹਨ ਤੇ ਇਨ੍ਹਾਂ ਗੁਣਾਂ ਦੇ ਨਾਲ ਨਾਲ ਇਕ ਸੂਖਮਤਾ ਤੇ ਨਿੱਘ ਹੈ, ਜਿਸ ਕਾਰਣ ਉਸ ਦੀ ਕਵਿਤਾ ਚਮਕ ਉਠੀ ਹੈ।'

## ਜੀਵਨ–

ਸ੍ਰੀ ਅੰਮ੍ਰਿਤਾ ਪ੍ਰੀਤਮ ਦਾ ਜਨਮ ਇਕ ਵਿਦਵਾਨ ਲੇਖਕ ਸ: ਕਰਤਾਰ ਸਿੰਘ ਹਿੱਤਕਾਰੀ ਤੇ ਮਾਤਾ ਰਾਜ ਕੌਰ ਦੀ ਕੁੱਖੋਂ ੩੧

ਅਗਸਤ ੧੯੧੯ ਨੂੰ ਗੁੱਜਰਾਂਵਾਲੇ ਵਿੱਚ ਹੋਇਆ । ਸਰਦਾਰ ਕਰਤਾਰ ਸਿੰਘ ਹਿੱਤਕਾਰੀ ਪਹਿਲੇ ਜੁਆਨੀ ਵਿਚ ਗੇਰੂਏ ਰੰਗੀ ਕਪੜੇ ਪਾ ਕੇ ਸਾਧ ਹੋ ਗਏ ਸਨ ਤੇ ਉਨ੍ਹਾਂ ਇਸ ਸਾਧ-ਜੀਵਨ ਸਮੇਂ ਕੁਝ ਸੰਸਕ੍ਰਿਤ ਹਿੰਦੀ ਸਾਹਿਤ ਦਾ ਅਧਿਐਨ ਕੀਤਾ ਸੀ ਤੇ ਹਿੰਦੀ ਕਾਵਿ-ਰਚਨਾ ਵੀ ਕੀਤਾ ਕਰਦੇ ਸਨ, ਇਸ ਸਮੇਂ ਉਨ੍ਹਾਂ ਦਾ ਉਪ-ਨਾਮ 'ਪੀਯੂਖ' ਸੀ, ਪੀਯੂਖ ਦਾ ਅਰਥ ਹੈ ਅੰਮ੍ਰਿਤ । ਜਦੋਂ ਉਨ੍ਹਾਂ ਆਪਣੀ ਬੇਟੀ ਦਾ ਨਾਂ 'ਅੰਮ੍ਰਿਤ' ਰੱਖਿਆ ਤਾਂ ਉਨ੍ਹਾਂ ਆਪਣਾ ਨਾਂ 'ਪੀਯੂਖ' ਦੀ ਥਾਂ 'ਹਿੱਤਕਾਰੀ' ਧਰ ਲਿਆ । ਹਿੱਤਕਾਰੀ ਜੀ ਦੀ ਹਿੰਦੀ ਪੰਜਾਬੀ ਰਚਨਾ ਦੀ ਵੰਨਗੀ 'ਰਸ ਚਮਤਕਾਰ ਚੰਦ੍ਰਕਾ' ਤੇ 'ਨੌਂ ਰਸ' ਵਿੱਚੋਂ ਵੇਖੀ ਜਾ ਸਕਦੀ ਹੈ ।

ਅੰਮ੍ਰਿਤ ਕੌਰ ਅਜੇ ੧੧ ਵਰ੍ਹੇ ਦੀ ਸੀ, ਜਦੋਂ ਕਿ ਉਸ ਦੀ ਪਿਆਰੀ ਮਾਤਾ ਚਲਾਣਾ ਕਰ ਗਈ ਤੇ ਫਿਰ ਸੁਹਿਰਦ ਪਿਤਾ ਨੇ ਹੀ ਉਸ ਦੀ ਪਾਲਣਾ ਕੀਤੀ । ਮੁਢਲੀ ਵਿੱਦਿਆ ਦੀ ਪਰਾਪਤੀ ਬਾਦ ਉਸ ਨੇ ੧੯੩੨ ਵਿੱਚ ਵਿਦਵਾਨੀ ਤੇ ੧੯੩੩ ਵਿੱਚ ਗਿਆਨੀ ਪਾਸ ਕਰ ਲਈ । ਬਾਦ ਵਿੱਚ ਐਫ. ਏ. ਦੀ ਤਿਆਰੀ ਕੀਤੀ ਪਰ ਪਰੀਖਿਆ ਵਿੱਚ ਬੈਠਣ ਦਾ ਮੌਕਾ ਨਾ ਮਿਲਿਆ ।

ਦਸੰਬਰ ੧੯੩੬ ਵਿੱਚ ਸ. ਪ੍ਰੀਤਮ ਸਿੰਘ ਕਵਾਤੜਾ ਨਾਲ ਲਾਹੌਰ ਉਸ ਦੀ ਸ਼ਾਦੀ ਹੋ ਗਈ ਤੇ ਕਈ ਵਰ੍ਹਿਆਂ ਪਿਛੋਂ ਆਪਣੇ ਜੀਵਨ-ਸਾਥੀ ਦੇ ਨਾਂ ਨਾਲ ਹੀ ਉਸ ਆਪਣਾ ਨਾਂ ਅੰਮ੍ਰਿਤ ਕੌਰ ਦੀ ਥਾਂ 'ਅੰਮ੍ਰਿਤਾ ਪ੍ਰੀਤਮ' ਅਪਣਾ ਲਿਆ ।

ਜੇਹਾ ਕਿ ਅਸੀਂ ਪਿਛੇ ਦੱਸ ਆਏ ਹਾਂ ਕਿ ਗਿਆਨੀ ਕਰਤਾਰ ਸਿੰਘ ਹਿੱਤਕਾਰੀ ਇਕ ਚੰਗੇ ਵਿਦਵਾਨ ਸਨ ਤੇ ਉਹ ਕਾਵਿ-ਰਚਨਾ ਕਰਦੇ ਸਨ, ਇਸ ਲਈ ਉਨ੍ਹਾਂ ਨੇ ਆਪਣੀ ਬੱਚੀ ਅੰਮ੍ਰਿਤ ਨੂੰ ਵੀ ਕਾਵਿ-ਰਚਨਾ ਲਈ ਸੁਸਿਖਿਅਤ ਕਰਨਾ ਸ਼ੁਰੂ ਕੀਤਾ । ਖ਼ੁਦ ਅੰਮ੍ਰਿਤਾ ਪ੍ਰੀਤਮ ਨੇ 'ਮੈਂ ਕਵਿਤਾ ਕਿਵੇਂ ਲਿਖਦੀ ਹਾਂ' ਲੇਖ ਵਿਚ ਇਸ ਗੱਲ ਦਾ ਜ਼ਿਕਰ ਕਰਦਿਆਂ ਲਿਖਿਆ ਹੈ :—



'ਸਭ ਤੋਂ ਪਹਿਲਾਂ ਕਵਿਤਾ ਮੈਂ: ੧੯੩੫ ਵਿਚ ਲਿਖੀ ਸੀ, ਜਿਵੇਂ ਕਿਸੇ ਬਾਲ ਨੂੰ ਉਂਗਲੀ ਲਾ ਕੇ ਕੋਈ ਉਸ ਨੂੰ ਰਾਹ ਪਾ ਦੇਂਦਾ ਹੈ, ਇਸ ਤਰ੍ਹਾਂ ਮੈਨੂੰ ਮੇਰੇ ਪਿਤਾ ਹਿੱਤਕਾਰੀ ਜੀ ਉਹ ਪਹਿਲੀ ਕਵਿਤਾ ਤੇ ਉਸ ਤੋਂ ਪਿਛੋਂ ਕਈ ਹੋਰ ਕਵਿਤਾਵਾਂ ਦਾ ਢੰਗ ਦਸਦੇ ਰਹੇ । ਉਹ ਆਪਣੇ ਸਮੇਂ ਦੇ ਉਘੇ ਲਿਖਾਰੀ ਸਨ । ਸੰਸਕ੍ਰਿਤ ਸਾਹਿਤ ਅਤੇ ਪਿੰਗਲ ਦੇ ਅਸੂਲਾਂ ਤੋਂ ਉਹ ਖਾਸ ਤੌਰ ਤੇ ਜਾਣੂ ਸਨ। ਇਨ੍ਹਾਂ ਅਸੂਲਾਂ ਬਾਰੇ ਉਨ੍ਹਾਂ ਨੇ 'ਰਸ ਚਮਤਕਾਰ ਚੰਦ੍ਰਕਾ' ਤੇ 'ਨੌਂ ਰਸ' ਕਿਤਾਬਾਂ ਵੀ ਲਿਖੀਆਂ । ਇਸ ਲਈ ਜ਼ਰੂਰੀ ਸੀ ਕਿ ਉਹ ਮੈਨੂੰ ਛੰਦਾਬੰਦੀ ਦੇ ਨਿਯਮਾਂ ਤੋਂ ਵਾਕਿਫ਼ ਕਰਾਂਦੇ ।

ਪਹਿਲਾਂ ਪਹਿਲ ਇਓਂ ਹੋਇਆ ਕਿ ਉਹ ਮੈਨੂੰ ਕਾਫ਼ੀਆ ਤੇ ਰਦੀਫ਼ ਲਿਖ ਕੇ ਦੇ ਦੇਂਦੇ ਅਤੇ ਮੈਂ ਜੋੜ ਜੋੜ ਕੇ ਚਾਰ, ਛੇ ਜਾਂ ਅੱਠ ਸਤਰਾਂ ਬਣਾ ਦੇਂਦੀ । ਉਹ ਕਈ ਸਤਰਾਂ ਕੱਟ ਦੇਂਦੇ, ਕਈ ਹੋਰ ਪਾ ਦੇਂਦੇ, ਕਈਆਂ ਨੂੰ ਥੋੜਾ ਜੇਹਾ ਵਟਾ ਦਿੰਦੇ ਤੇ ਮਜ਼ਮੂਨ ਦੇ ਲਿਹਾਜ਼ ਨਾਲ ਤਰਤੀਬਵਾਰ ਕਰ ਦੇਂਦੇ ।

ਕੁਝ ਚਿਰ ਪਿਛੋਂ ਉਨ੍ਹਾਂ ਨੇ ਮੈਨੂੰ ਕਾਫ਼ੀਏ ਦੀ ਥਾਵੇਂ ਕੇਵਲ ਮਜ਼ਮੂਨ ਦਸ ਦੇਣਾ ਤੇ ਮੈਂ ਆਪੇ ਹੀ 'ਆ' ਜਾਂ 'ਰ' ਦਾ ਸੌਖਾ ਜੇਹਾ ਕਾਫ਼ੀਆ ਚੁਣ ਕੇ ਕੁਝ ਸਤਰਾਂ ਜੋੜ ਲੈਣੀਆਂ । ਫਿਰ ਕਈ ਵਾਰ ਮੈਨੂੰ ਕੋਈ ਸਤਰ ਜਾਂ ਕੋਈ ਖ਼ਿਆਲ ਆਪੇ ਹੀ ਸੁੱਝ ਜਾਣਾ ਤੇ ਮੈਂ ਜੋੜ ਬਣਾ ਕੇ ਉਨ੍ਹਾਂ ਨੂੰ ਵਿਖਾ ਦੇਣਾ । ਦੋ ਕੁ ਸਾਲ, ਮੇਰਾ ਖ਼ਿਆਲ ਹੈ, ਮੈਂ ਕੋਈ ਅਜੇਹੀ ਕਵਿਤਾ ਨਹੀਂ ਲਿਖੀ ਹੋਣੀ, ਜੋ ਉਨ੍ਹਾਂ ਕੋਲੋਂ ਠੀਕ ਕਰਵਾਣ ਤੋਂ ਬਗ਼ੈਰ ਪ੍ਰੈੱਸ ਨੂੰ ਦਿੱਤੀ ਹੋਵੇ ।'

ਇਸ ਤਰ੍ਹਾਂ ਅੰਮ੍ਰਿਤਾ ਦੇ ਮੁਢਲੇ ਅਭਿਆਸ ਦੀਆਂ ਕੁਝ ਕੁ ਧਾਰਮਕ ਕਵਿਤਾਵਾਂ 'ਗੁਰਮਤਿ ਟ੍ਰੈਕਟ ਸੁਸਾਇਟੀ ਲਾਹੌਰ' ਵਲੋਂ ੧੯੩੫ ਵਿੱਚ 'ਠੰਢੀਆਂ ਕਿਰਣਾਂ' ਨਾਂ ਹੇਠ ਇਕ ਟ੍ਰੈਕਟ ਦੇ ਰੂਪ ਵਿੱਚ ਛਪੀਆਂ । ੧੯੩੬ ਵਿਚ ਅੰਮ੍ਰਿਤਾ ਦਾ ਪਹਿਲਾ ਕਾਵਿ-ਸੰਗ੍ਰਹਿ 'ਅੰਮ੍ਰਿਤ ਲਹਿਰਾਂ' ਪਰਕਾਸ਼ਤ ਹੋਇਆ, ਜਿਸ ਵਿਚ ਸੋ

ਤੋਂ ਉਤੇ ਧਾਰਮਕ ਤੇ ਸਮਾਜਕ ਸੁਧਾਰ ਆਦਿ ਦੀਆਂ ਰਵਾਇਤੀ ਕਵਿਤਾਵਾਂ ਸਨ। ਚੂੰਕਿ ਗਿ: ਕਰਤਾਰ ਸਿੰਘ ਹਿੱਤਕਾਰੀ ੧੯੨੯ ਤੋਂ 'ਰਣਜੀਤ ਨਗਾਰਾ' ਨਾਮੀ ਇਕ ਧਾਰਮਕ ਤੇ ਸਾਹਿਤਕ ਮਾਸਕ ਪੱਤਰ ਵੀ ਪਰਕਾਸ਼ਤ ਕਰ ਰਹੇ ਸਨ, ਇਸ ਲਈ ਪਹਿਲੇ ਪਹਿਲ ਅੰਮ੍ਰਿਤਾ ਦੀਆਂ ਰਚਨਾਵਾਂ ਇਸ ਵਿਚ ਵੀ ਛਪਦੀਆਂ ਰਹੀਆਂ ਇਉਂ ਉਸ ਦਾ ਉਤਸ਼ਾਹ ਵਧਦਾ ਗਿਆ।

ਅਕਤੂਬਰ ੧੯੩੮ ਵਿਚ ਅੰਮ੍ਰਿਤਾ ਨੇ ਆਪ ਇਕ ਰਸਾਲਾ 'ਨਵੀਂ ਦੁਨੀਆਂ' ਆਪਣੇ ਵਿਦਵਾਨ ਪਿਤਾ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਣਾ ਅਰੰਭਿਆ। ਇਸ ਦਾ 'ਗੀਤ ਅੰਕ' ਚੰਗਾ ਨਿਕਲਿਆ ਪਰ ਇਹ ਰਸਾਲਾ ਜਲਦੀ ਹੀ ਬੰਦ ਹੋ ਗਿਆ। ਇਸ ਸਮੇਂ ਅੰਮ੍ਰਿਤਾ, ਆਲ ਇੰਡੀਆ ਰੇਡੀਓ ਲਾਹੌਰ ਲਈ ਗੀਤ, ਰੇਡੀਓ ਰੂਪਕ ਆਦਿ ਵੀ ਲਿਖਦੀ ਰਹੀ, ਉਸ ਦੇ ਕਾਵਿ-ਸੰਗ੍ਰਿਹ ਵੀ ਛਪਦੇ ਰਹੇ ਤੇ ਇਉਂ ਹੌਲੀ ਹੌਲੀ ਉਸ ਦਾ ਪੰਜਾਬੀ ਕਾਵਿ-ਖੇਤਰ ਵਿਚ ਇਕ ਵਿਸ਼ੇਸ਼ ਅਸਥਾਨ ਬਣਦਾ ਗਿਆ। ਇਹ ਮੰਨਣ ਵਿਚ ਕੋਈ ਗੁਰੇਜ਼ ਨਹੀਂ ਕਿ ਪਹਿਲਾਂ ਪਹਿਲਾਂ ਸ. ਗੁਰਬਖ਼ਸ਼ ਸਿੰਘ ਦੀ ਰੰਗੀਨ ਵਾਰਤਕ ਨੇ ਤੇ ਪ੍ਰੋ. ਮੋਹਨ ਸਿੰਘ ਦੀ ਰੋਮਾਂਚਕ ਕਵਿਤਾ ਨੇ ਅੰਮ੍ਰਿਤਾ ਨੂੰ ਕਾਫ਼ੀ ਪ੍ਰਭਾਵਤ ਕੀਤਾ ਤੇ ਉਸ ਦੀ ਕਾਵਿ-ਪ੍ਰਗਤੀ ਨੂੰ ਅਗੇ ਵਧਾਇਆ।

੧੯੪੭ ਦੀ ਦੇਸ-ਵੰਡ ਬਾਦ ਅੰਮ੍ਰਿਤਾ ਨੂੰ ਲਾਹੌਰ ਛੱਡਣਾ ਪਿਆ ਤੇ ਕਾਫ਼ੀ ਮਾਲੀ ਨੁਕਸਾਨ ਦਾ ਦੁਖ ਵੀ ਉਠਾਉਣਾ ਪਿਆ ਚੂੰਕਿ ਉਸ ਦੇ ਪਤੀ ਦੀ ਅਨਾਰਕਲੀ ਬਾਜ਼ਾਰ ਵਿਚ ਖ਼ਾਸੀ ਅੱਛੀ ਦੁਕਾਨ ਸੀ ਤੇ ਚੰਗਾ ਕਾਰੋਬਾਰ ਸੀ। ਹੁਣ ਜੁਲਾਈ ੧੯੪੮ ਤੋਂ ਉਹ ਦਿੱਲੀ ਰਹਿ ਰਹੀ ਹੈ ਤੇ ਆਲ ਇੰਡੀਆ ਰੇਡੀਓ ਵਿਚ ਸਰਵਿਸ ਕਰਦੀ ਆ ਰਹੀ ਹੈ। ਕੇਂਦਰੀ ਸਰਕਾਰ ਵਲੋਂ ਸਥਾਪਤ 'ਸਾਹਿਤ ਅਕਾਡਮੀ' ਦੇ ਪੰਜਾਬੀ ਬੋਰਡ ਦੀ ਕਨਵੀਨਰ ਹੈ ਤੇ ਚੰਗੇ ਮਾਣ ਆਦਰ ਨਾਲ ਜ਼ਿੰਦਗੀ ਬਿਤਾ ਰਹੀ ਹੈ।



ਰਚਨਾ–

ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ :–

ਕਵਿਤਾ–

੧. ਠੰਢੀਆਂ ਕਿਰਣਾਂ (੧੯੩੫)
੨. ਅੰਮ੍ਰਿਤ ਲਹਿਰਾਂ (੧੯੩੬)
੩. ਜੀਊਂਦਾ ਜੀਵਨ (੧੯੩੯)
੪. ਤ੍ਰੇਲ ਧੋਤੇ ਫੁੱਲ (੧੯੪੧)
੫. ਓ ਗੀਤਾਂ ਵਾਲਿਆ ! (੧੯੪੨)
੬. ਬੱਦਲਾਂ ਦੇ ਪੱਲੇ ਵਿਚ (੧੯੪੩)
੭. ਸੰਝ ਦੀ ਲਾਲੀ ( ,, )
੮. ਨਿੱਕੀ ਜਿਹੀ ਸੁਗਾਤ (੧੯੪੪)
੯. ਲੋਕ ਪੀੜ (੧੯੪੪)
੧੦. ਪੱਥਰ ਗੀਟੇ (੧੯੪੬)
੧੧. ਲੰਮੀਆਂ ਵਾਟਾਂ (੧੯੪੯)
੧੨. ਮੈਂ ਤਵਾਰੀਖ਼ ਹਾਂ ਹਿੰਦ ਦੀ (੧੯੫੧)
੧੩. ਸਰਘੀ ਵੇਲਾ (੧੯੫੨)
੧੪. ਸੁਨੇਹੜੇ (੧੯੫੫)
੧੫. ਅਸ਼ੋਕਾ ਚੇਤੀ (੧੯੫੭)

ਨਾਵਲ–

੧੬. ਜੈ ਸ਼ਿਰੀ (੧੯੪੬)
੧੭. ਡਾਕਟਰ ਦੇਵ (੧੯੪੯)
੧੮. ਪਿੰਜਰ (੧੯੫੦)
੧੯. ਆਲ੍ਹਣਾ (੧੯੫੨)
੨੦. ਅਸ਼ੂ (੧੯੫੮)
੨੧. ਤਿਆਗ ਪੱਤਰ (ਅਨੁਵਾਦ)

ਕਹਾਣੀ-ਸੰਗ੍ਰਹਿ

੨੨. ਛੱਬੀ ਵਰ੍ਹੇ ਬਾਦ (੧੯੪੩)
੨੩. ਕੁੰਜੀਆਂ (੧੯੪੪)
੨੪. ਆਖਰੀ ਖ਼ਤ (੧੯੫੬)

ਸਾਹਿਤ-ਖੋਜ

੨੫. ਪੰਜਾਬ ਦੀ ਆਵਾਜ਼ (੧੯੫੨) ਲੋਕ-ਗੀਤ
੨੬. ਮੌਲੀ ਤੇ ਮਹਿੰਦੀ (੧੯੫੫) ਸੰਗ੍ਰਹਿ
੨੭. ਪੰਜਾਬੀ ਸਾਹਿਤ ਦਾ ਵਿਕਾਸ (੧੯੫੩)
੨੮. ਭਾਰਤ ਦੇ ਉਸਰੱਈਏ (੧੯੫੨)

ਡਾਕਟਰ ਦੇਵ, ਪਿੰਜਰ, ਘੌਂਸਲਾ, ਅਸ਼ੂ, ਅੰਤਿਮ ਪੱਤ੍ਰ ਤੇ ਪੰਜਾਬੀ ਸਾਹਿਤ ਕਾ ਵਿਕਾਸ਼ ਹਿੰਦੀ ਵਿਚ ਵੀ ਪਰਕਾਸ਼ਤ ਹੋ ਚੁਕੇ ਹਨ। 'ਪਿੰਜਰ' ਨਾਵਲ ਮਰਾਠੀ, ਗੁਜਰਾਤੀ ਤੇ ਉੜੀਆ ਵਿਚ ਵੀ ਅਨੁਵਾਦਿਆ ਗਿਆ ਹੈ ਤੇ ਅੰਗ੍ਰੇਜ਼ੀ ਵਿਚ ਜਲਦੀ ਪ੍ਰਕਾਸ਼ਤ ਹੋ ਰਿਹਾ ਹੈ। 'ਡਾਕਟਰ ਦੇਵ' ਗੁਜਰਾਤੀ ਵਿਚ ਛਪ ਚੁਕਾ ਤੇ ਮਲਿਆਲਮ ਵਿਚ ਛਪ ਰਿਹਾ ਹੈ।

ਉਰਦੂ ਅੱਖਰਾਂ ਵਿਚ ਅੰਮ੍ਰਿਤਾ ਦੀਆਂ ਚੋਣਵੀਆਂ ਕਵਿਤਾਵਾਂ 'ਨਵੀਂ ਰੁੱਤ' ਨਾਂ ਹੇਠ ਪਰਕਾਸ਼ਤ ਹੋਈਆਂ ਹਨ। ਅੰਗਰੇਜ਼ੀ ਵਿਚ 'Voice of the Panjab' ਅਨੁਵਾਨ ਹੇਠ ੧੫ ਚੋਣਵੀਆਂ ਕਵਿਤਾਵਾਂ ਦਾ ਅਨੁਵਾਦ ਛਪਿਆ ਹੈ। ਇਸ ਤੋਂ ਇਲਾਵਾ ਕਵੀ ਦੀਆਂ ੧੦ ਕਵਿਤਾਵਾਂ ਦਾ ਉਲਥਾ ਰੂਸੀ ਵਿਚ, ਚਾਰ ਦਾ ਚੀਨੀ ਵਿਚ, ਪੰਜ ਦਾ ਬੰਗਾਲੀ ਵਿਚ ਤੇ ਦਸ ਦਾ ਹਿੰਦੀ ਵਿਚ ਅਨੁਵਾਦ ਹੋ ਕੇ ਛਪ ਚੁਕਾ ਹੈ। 'ਭਾਰਤੀ ਗਿਆਨ ਪੀਠ ਕਲਕੱਤਾ' ਵੱਲੋਂ ਹਿੰਦੀ ਵਿਚ ਆਪਦੀਆਂ ਸਾਰੀਆਂ ਰਚਨਾਵਾਂ ਦਾ ਇਕ ਚੋਣਵਾਂ ਸੰਗ੍ਰਹਿ ਛਾਪਿਆ ਜਾ ਰਿਹਾ ਹੈ।

੧੯੪੭ ਤੋਂ ਪਹਿਲਾਂ ਅੰਮ੍ਰਿਤਾ ਦੀ ਕਵੀ ਹੋਣ ਦੇ ਨਾਤੇ ਇਤਨੀ ਪਰਸਿੱਧੀ ਨਹੀਂ ਸੀ। ਜਦੋਂ ਪੰਜਾਬ ਵੰਡਿਆ ਗਿਆ,



ਇਸ ਦੇ ਜੰਗਲਾਂ ਬੇਲਿਆਂ ਵਿਚ ਲਾਸ਼ਾਂ ਵਿਛ ਗਈਆਂ, ਇਸ ਦਾ ਝਨਾਂ ਲਹੂ ਨਾਲ ਭਰ ਗਿਆ ਤੇ ਲੱਖਾਂ ਧੀਆਂ ਦੇ ਵੈਣਾਂ ਨੇ ਅਸਮਾਨ ਨੂੰ ਰੁਆ ਦਿਤਾ ਤਾਂ ਅੰਮ੍ਰਿਤਾ ਦੀ ਕਵੀ-ਆਤਮਾ ਇਹ ਸੰਤਾਪ ਝੱਲ ਨ ਸਕੀ ਤੇ ਉਸ ਟੁਕੜੇ ਹੋ ਰਹੇ ਪੰਜਾਬ ਉਤੇ ਵੈਣ ਪਾਂਦਿਆਂ ਜੋ ਕੁਝ ਆਖਿਆ, ਉਹ ਇਕ-ਦਮ ਸਾਰੇ ਦੇਸ ਵਿਚ ਗੂੰਜ ਉਠਿਆ। ਸ਼ਾਇਦ ਹਰ ਕੋਈ ਵਾਰਸਸ਼ਾਹ ਨੂੰ ਕਬਰਾਂ ਵਿਚੋਂ ਬੋਲਣ ਲਈ ਵੀ ਨਹੀਂ ਸੀ ਆਖ ਸਕਦਾ, ਬੀਰਾਂਗਨਾ ਅੰਮ੍ਰਿਤਾ ਨੇ ਉਚੀ ਉਚੀ ਕੂਕ ਕੇ ਆਖਿਆ :–

'ਅੱਜ ਆਖਾਂ ਵਾਰਸਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ
ਤੇ ਅਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸਸ਼ਾਹ ਨੂੰ ਕਹਿਣ–
ਵੇ ਦਰਦਮੰਦਾਂ ਦਿਆ ਦਰਦੀਆ! ਉਠ ਤੱਕ ਅਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।'

ਇਨ੍ਹਾਂ ਬੋਲਾਂ ਨੇ, ਇਸ ਵੇਦਨਾਮਈ ਸੱਦ ਨੇ ਵਿਛੜੇ ਪੰਜਾਬੀਆਂ ਦੀਆਂ ਰੂਹਾਂ ਨੂੰ ਝੰਜੋੜਿਆ ਤੇ ਇਹ, ਕੀ ਪੱਛਮੀ ਪੰਜਾਬ ਤੇ ਕੀ ਪੂਰਬੀ ਪੰਜਾਬ ਵਿਚ ਲੋਕ-ਗੀਤ ਵਾਂਗ ਦੇਰ ਤਕ ਗਾਇਆ ਜਾਂਦਾ ਰਿਹਾ, ਕਿਉਂਕਿ ਇਸ ਵਿਚ ਦੇਸ ਦੇ ਸੱਜਰੇ ਜ਼ਖਮਾਂ ਦਾ ਦਰਦਨਾਕ ਵਰਣਨ ਸੀ। ਪਰਸਿਧ ਉਰਦੂ ਸਾਹਿਤਕਾਰ ਅਹਿਮਦ 'ਨਦੀਮ ਕਾਸਮੀ ਨੇ ਲਿਖਿਆ ਹੈ:–

'ਮੈਨੂੰ ਯਾਦ ਏ, ਅਜ ਤੋਂ ਚਾਰ ਪੰਜ ਵਰ੍ਹੇ ਪਹਿਲੋਂ ਜਦੋਂ ਅੰਮ੍ਰਿਤਾ ਪ੍ਰੀਤਮ ਦੀ ਮਸ਼ਹੂਰ ਨਜ਼ਮ 'ਅੱਜ ਆਖਾਂ ਵਾਰਸ ਸ਼ਾਹ ਨੂੰ' ਏਧਰ ਆਈ ਸੀ ਤੇ ਮੈਂ ਬੜੇ ਬੜੇ 'ਆਕਸਨ' ਕਿਸਮ ਦੇ ਲੋਕਾਂ ਨੂੰ ਵੇਖਿਆ ਜੁ ਉਹ ਇਸ ਨਜ਼ਮ ਦੀਆਂ ਨਕਲਾਂ ਅਪਣੇ ਬਟੂਆਂ ਦੇ ਵਿਚ ਰੱਖਦੇ ਸਨ,' ਕੱਲੇ ਜਾ ਕੇ ਇਸ ਨੂੰ ਪੜ੍ਹਦੇ ਤੇ ਗੁਣ-ਗੁਣਾਂਦੇ ਸਨ ਤੇ ਨਾਲ ਨਾਲ ਰੋਂਦੇ ਵੀ ਸਨ।'

ਇਨ੍ਹਾਂ ਦਰਦ-ਵਿੰਨ੍ਹੇ ਪ੍ਰਭਾਵਸ਼ਾਲੀ ਬੋਲਾਂ ਨੂੰ ਸੁਣਕੇ ਹੀ ਪੰਜਾਬੀ ਦੇ ਪਰਸਿੱਧ ਸਮਾਲੋਚਕ ਪ੍ਰਿੰ: ਤੇਜਾ ਸਿੰਘ ਨੇ ਕਿਹਾ ਸੀ,– 'ਅੰਮ੍ਰਿਤਾ ਅੱਜ ਪੰਜਾਬ ਦੀ ਜ਼ਬਾਨ ਹੈ, ਉਹਦੇ ਵਿਚ ਪੰਜਾਬ ਦੇ ਵਲਵਲੇ, ਦੁਖੀ ਪੰਜਾਬ ਦੇ ਜਜ਼ਬੇ ਤੜਪ ਰਹੇ ਹਨ। 'ਜਿਨ ਸਿਰਿ ਸੋਹਿਨਿ ਪਟੀਆਂ,' ਵਾਲੇ,ਖ਼ੂਨੀ ਸੋਹਲਿਆਂ ਤੋਂ ਬਾਦ ਇਹ ਪਹਿਲੀ ਵਾਰ ਫਿਰ ਪੰਜਾਬ ਦੀ ਅਵਾਜ਼ ਫੁੱਟਕੇ ਨਿਕਲੀ ਹੈ। ਇਸ ਵਿਚ ਨਰੋਆ ਜਜ਼ਬਾ, ਗ਼ੈਮੀਆਂ ਹੋਈਆਂ ਸਾਂਝਾਂ ਜਗਾਵਾਉਣ ਵਾਲਾ ਨਾਦ ਹੈ, ਜਿਸ ਨੂੰ ਸੁਣਕੇ ਵਾਟਸਸ਼ਾਹ ਤੇ ਪੂਰਨ ਸਿੰਘ ਦੀਆਂ ਰੂਹਾਂ ਹੁਰਲਾ ਉਠਣਗੀਆਂ।'

ਅੰਮ੍ਰਿਤਾ ਦੇ ਇਸ ਦੁਖੀ ਪੰਜਾਬ ਉਤੇ ਪਾਏ ਕੀਰਨੇ ਨੂੰ ਪ੍ਰੋ:ਸੰਤ ਸਿੰਘ ਸੇਖੋਂ ਇਕ ਹੋਰ ਦ੍ਰਿਸ਼ਟੀ ਤੋਂ ਸਲਾਹੁੰਦੇ ਕਹਿੰਦੇ ਹਨ–'੪੭ ਦੇ ਦੁਖਾਂਤਕ ਕਾਂਡ ਸਮੇਂ, ਜਦੋਂ ਹੱਦ ਦੇ ਦੋਹੀਂ ਪਾਸੀਂ ਪੰਜਾਬੀ ਮਾਂ ਦਾ ਕੋਈ ਪੁੱਤ ਨ ਉਠਿਆ, ਜਿਹੜਾ ਪਾਪ ਨੂੰ ਵੰਗਾਰਦਾ। ਕਿਸੇ ਦੇਸ ਦੇ ਇਤਿਹਾਸ ਵਿਚ ਤਿੰਨ ਚਾਰ ਲੱਖ ਮਨੁਖ ਇਸ ਤਰ੍ਹਾਂ ਕੀੜਿਆਂ ਵਾਕੁਰ ਨਹੀਂ ਮਰੇ। ਇਹ ਇਕ ਸ਼ਰਮਨਾਕ ਧੱਬਾ ਹੈ ਜੋ ਪੰਜਾਬ ਦੇ ਸੋਹਣੇ ਮੂੰਹ ਤੋਂ ਪਤਾ ਨਹੀਂ ਕਦੀ ਲਹੇਗਾ ਵੀ ਕਿ ਨਹੀਂ। ਜਿਸ ਤਰ੍ਹਾਂ ਅੰਮ੍ਰਿਤਾ ਨੇ ਇਸ ਕਾਲਖ ਦੇ ਟਿੱਕੇ ਨੂੰ ਆਪਣੇ ਹੰਝੂਆਂ ਨਾਲ ਚਮਕਾਇਆ ਹੈ, ਉਸ ਦੀ ਮਿਸਾਲ ਵੀ ਸੰਸਾਰ-ਭਰ ਦੇ ਸਾਹਿਤ ਵਿੱਚ ਕਿਤੇ ਘੱਟ ਹੀ ਮਿਲੇਗੀ। ਕਿਸੇ ਨੇ ਆਖਿਆ ਹੈ ਸਾਹਿੱਤ ਦਾ ਕਰਮ ਹੈ, ਮਨੁਖ ਦੇ ਸੁਖ ਨੂੰ ਵਧਾਣਾ ਤੇ ਦੁਖ ਨੂੰ ਘਟਾਉਣਾ ਪਰ ਅੰਮ੍ਰਿਤਾ ਪ੍ਰੀਤਮ ਨੇ ਇਸ ਤੋਂ ਇਕ ਹੋਰ ਕਰਮ ਕਰਵਾਇਆ ਹੈ, ਜੋ ਅਤਿ ਲੋੜੀਂਦਾ ਸੀ, ਉਹ ਹੈ ਅਸਾਡੇ ਮੱਥੇ ਉਤੇ ਲਗੇ ਕਾਲਖ ਦੇ ਟਿੱਕੇ ਨੂੰ ਚਮਕਾਣਾ ਤਾਂ ਜੋ ਅਸਾਨੂੰ ਸਦਾ ਇਹ ਖੋਹ ਲਗੀ ਰਹੇ ਕਿ ਅਸਾਂ ਕਿਸੇ ਸ਼ਰਮ ਤੋਂ, ਉਸ ਕਾਇਰਤਾ ਤੋਂ ਵਡੇਰੀ ਸੂਰਮਤਾ ਨਾਲ ਇਸ ਕਾਲਖ ਨੂੰ ਧੋਣਾ ਹੈ।'

ਇਊਂ ਵੰਡੇ ਪੰਜਾਬ ਬਾਰੇ ਲਿਖੀ ਇਸ ਇਕ ਨਜ਼ਮ ਨੇ



ਅੰਮ੍ਰਿਤਾ ਨੂੰ ਬਤੌਰ ਕਵੀ ਦੇ ਸਿਖ਼ਰਾਂ ਤੇ ਜਾ ਪਹੁੰਚਾਇਆ। ਕੀ ਵਿਦਵਾਨ ਆਲੋਚਕ ਤੇ ਕੀ ਜਨ-ਸਾਧਾਰਣ, ਇਕ ਜ਼ਬਾਨ ਨਾਲ ਕਹਿ ਉਠੇ ਕਿ ਇਸ ਕਵੀ ਨੇ ਲੋਕਾਂ ਦੀ ਪੀੜ ਪਛਾਣੀ ਹੈ ਤੇ ਇਹ ਸਚਮੁਚ 'ਪੰਜਾਬ ਦੀ ਅਵਾਜ਼' ਹੈ।

ਪਰ ਕਵੀ ਦੀ ਨਜ਼ਰ ਵਿਚ ਮਨੁਖਤਾ ਦੀ ਮੁਹੱਬਤ ਮਰਨ-ਮੁਕਣ ਵਾਲੀ ਨਹੀਂ। ਉਹ ਆਸ਼ਾਵਾਦੀ ਕਲਾਕਾਰ ਵਾਂਙ ਦੇਸ-ਵੰਡ ਨਾਲ ਵਿਲ੍ਹੂੰਧਰੇ 'ਜਾਬੀਆਂ ਨੂੰ ਫਿਰ ਮੇਲ ਦਾ ਸੁਨੇਹੜਾ ਦਿੰਦੀ ਹੈ, ਜੋਕਿ ਇਸ ਗੀਤ ਦੇ ਬੋਲਾਂ ਤੋਂ ਜ਼ਾਹਰ ਹੈ:–

"ਸਾਨੂੰ ਮਿਲੀ ਜਾਣਾ ਹੈ !
ਚੰਨ ਤਾਰਿਆਂ ਦੀ ਰਾਤ ਸਾਨੂੰ ਮਿਲੀ ਜਾਣਾ ਹੈ
ਸਾਂਝੀ ਧਰਤੀ ਦੇ ਗੀਤ,
ਸਾਂਝੇ ਪਾਣੀਆਂ ਦੀ ਪ੍ਰੀਤ
ਲਜ ਰੱਖਣੀ ਜੇ ਉਹ,
ਸਾਨੂੰ ਮਿਲੀ ਜਾਣਾ ਹੈ।

ਵੇ ਕੀ ਕਹਿੰਦੀਆਂ ਨੇ ਉਹ
ਰੁਤਾਂ ਫਿਰੀਆਂ ਨੇ ਜੋ
ਮੇਰੇ ਊਣੇ ਨੇ ਹਾੜ,
ਮੇਰੇ ਸੱਖਣੇ ਨੇ ਪੋਹ,
ਸਾਨੂੰ ਮਿਲੀ ਜਾਣਾ ਹੈ।
ਆਈ ਮਜ਼ੂਬਾਂ ਦੀ ਕਾਂਗ
ਕੱਚੇ ਘੜਿਆਂ ਦੇ ਵਾਂਗ
ਟੁੱਟਾ ਸੋਹਣੀ ਦਾ ਦੇਸ,
ਅੱਖਾਂ ਪਈਆਂ ਨੇ ਰੋ,
ਸਾਨੂੰ ਮਿਲੀ ਜਾਣਾ ਹੈ।
ਟੁੱਟਣ ਦੇਸਾਂ ਦੇ ਤਾਰ
ਟੁੱਟਣ ਕੌਮਾਂ ਦੇ ਹਾਰ

ਪਾਟੇ ਧਰਤੀ ਦੀ ਲੀਰ
ਉਡਣ ਕਣਕਾਂ ਦੇ ਛੋਹ
ਸਾਨੂੰ ਮਿਲੀ ਜਾਣਾ ਹੇ ।
ਪਰ ਮਨੁਖ ਨੂੰ ਇਕ ਵਾਰ
ਇਸ ਮਨੁਖਤਾ ਦੇ ਨਾਲ
ਇਸ਼ਕ ਲੱਗਾ ਸੀ ਜੋ
ਕੀਕਣ ਟੁਟੇਗਾ ਉਹ
ਸਾਨੂੰ ਮਿਲੀ ਜਾਣਾ ਹੇ ।

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦਾ ੨੧ ਸਾਲਾ ਕ੍ਰਮਕ ਵਿਕਾਸ਼ ਦਸਦਾ ਹੈ ਕਿ ਕਿਵੇਂ ਉਸ ਰੂਪ ਤੇ ਵਿਸ਼ੇ-ਵਸਤੂ ਦੇ ਪੱਖ ਦੀ ਲੰਮੀ ਕਲਾ-ਸਾਧਨਾ ਬਾਦ ਇਸ ਗੌਰਵ ਨੂੰ ਪਾਇਆ ਤੇ ਇਨ੍ਹਾਂ ਉਚੀਆਂ ਸਿਖ਼ਰਾਂ ਨੂੰ ਛੋਹਿਆ ਹੈ ।

ਕਵਿਤਾ ਨਾ ਤਾਂ ਸੁੰਦਰ ਸ਼ਬਦ-ਸਾਗਰ ਹੈ, ਤੇ ਨਾ ਹੀ ਡੂੰਘਾ ਵੀਚਾਰ-ਸਾਗਰ, ਇਹ ਤਾਂ ਜ਼ਬਾਨ ਦਾ ਹੁਸੀਨ ਨਖ਼ਰਾ ਹੈ ਤੇ ਇਹ ਕਹਿਣ ਵਿੱਚ ਮੈਨੂੰ ਰਤਾ ਸੰਕੋਚ ਨਹੀਂ ਕਿ ਇਹ ਨਖ਼ਰਾ ਔਰਤ ਅੰਮ੍ਰਿਤਾ ਵਿਚ ਕਈ ਥਾਂ ਸਮਕਾਲੀ ਕਵੀਆਂ ਤੋਂ ਕਿਤੇ ਵਧੇਰੇ ਹੈ ਪਰ ਇਸ ਵਿੱਚ ਸ਼ੋਖੀ ਨਹੀਂ, ਗੰਭੀਰਤਾ ਹੈ, ਬੁਧੀਮਾਨ ਕਲਮ ਵਾਲੀ ਪ੍ਰਤਿਭਾ ਹੈ।

ਅੰਮ੍ਰਿਤਾ ਦੀ ਕਵੀ ਕਲਪਨਾ ਦੀ ਵਿਆਪਕਤਾ ਵੀ ਆਪਣੀ ਕਿਸਮ ਦੀ ਹੀ ਹੈ, ਉਹ ਨਿਕੇ ਪਿਆਰ ਦੀਆਂ ਗੱਲਾਂ ਬ੍ਰਹਿਮੰਡੀ ਰੂਪਕਾਂ ਤੇ ਉਪਮਾਵਾਂ ਨਾਲ ਅੰਕਤ ਕਰਕੇ ਪਾਠਕ ਦੀ ਵਿਸ਼ਾਲ ਦ੍ਰਿਸ਼ਟੀ ਨੂੰ ਅਸੀਮਤ ਗਗਨ ਵਿੱਚ ਲੈ ਜਾਂਦੀ ਹੈ, ਜਦੋਂ ਮੈਂ ਉਸ ਦੀਆਂ ਅਜੇਹੀਆਂ ਸਤਰਾਂ ਪੜ੍ਹਦਾ ਹਾਂ :—

ਚੱਪਾ ਚੰਨ ਤੇ ਮੁਠ ਕੁ ਤਾਰੇ
ਲਾੜਾ ਮੱਲ ਬੈਠੇ ਅਸਮਾਨ ।

ਤਾਂ ਖ਼ਿਆਲ ਕਰਦਾ ਹਾਂ ਕਿ ਕਵੀ ਦੀ ਨਿੱਕੀ ਕਲਮ ਤਸੱਵਰ



ਦੇ ਸਿੰਘਾਸਣ ਤੇ ਬੈਠ ਕੇ ਆਪਣੀ ਕਿਤਨੀ ਵੱਡੀ ਮਹਾਨਤਾ ਪ੍ਰਗਟਾਉਂਦੀ ਹੈ ਤੇ ਕਿਵੇਂ ਬ੍ਰਹਿਮੰਡਾਂ ਨਾਲ ਨਖ਼ਰੇ ਕਰਦੀ ਹੈ। ਇਹ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਅੱਜ ਅੰਮ੍ਰਿਤਾ ਤੇ ਮੋਹਨ ਸਿੰਘ ਆਦਿ ਦੀ ਉਚੀ ਮਧੁਰ ਕਵਿਤਾ ਦੀ ਹੋਂਦ ਸਦਕੇ ਪੰਜਾਬੀ-ਕਾਵਿ ਨੂੰ ਕਿਸੇ ਵੀ ਏਸ਼ਿਆਈ ਤੇ ਯੂਰਪੀਨ ਮਹਾਨ ਕਵਿਤਾ ਦੇ ਟਾਕਰੇ ਤੇ ਸੌਖਿਆਂ ਰੱਖਿਆ ਜਾ ਸਕਦਾ ਹੈ । ਇਸੇ ਕਾਵਿ-ਮਹਾਨਤਾ ਨੂੰ ਅਨੁਭਵ ਕਰਕੇ ਅੰਮ੍ਰਿਤਾ ਦੇ ਕਾਵਿ-ਸੰਗ੍ਰਹਿ 'ਸੁਨੇਹੜੇ' ਨੂੰ ੧੯੫੬ ਵਿਚ ਭਾਰਤ ਸਰਕਾਰ ਨੇ ਪੰਜ ਹਜ਼ਾਰ ਰੁਪਇਆ ਇਨਾਮ ਦੇ ਕੇ ਸਨਮਾਨਿਆ ਹੈ।

'ਸੁਨੇਹੜੇ' ਸ਼ਬਦ ਪੰਜਾਬ ਦੀ ਵੇਦਨਾਮਈ ਰੋਮਾਂਚਕ ਜ਼ਿੰਦਗੀ ਦਾ ਪੈਗੰਬਰ (ਦੂਤ) ਬਣ ਕੇ ਸੈਂਕੜੇ ਵਰ੍ਹਿਆਂ ਤੋਂ ਸਾਡੇ ਸਾਹਿਤ ਦੀ ਜੋਤ ਜਗਾਉਂਦਾ ਆਇਆ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਹੈ:—

ਸਾਜਨ ਦੇਸ ਬਿਦੇਸੀਅੜੇ, ਸਾਨੇਹੜੇ ਦੇਂਦੀ
ਸਾਰ ਸਮਾਲੀ ਤਿਨ ਸੱਜਣਾ, ਮੁੰਧ ਨੈਣ ਭਰੇਂਦੀ ।

ਉਂਜ ਤਾਂ ਹਰ ਕਵਿਤਾ ਇਕ ਸੁਨੇਹਾ ਹੈ । ਕਾਲੀ-ਦਾਸ ਨੇ 'ਮੇਘਦੂਤ' ਵਿੱਚ ਇਕ ਸੁਨੇਹਾ ਹੀ ਕਲਮਬੰਦ ਕੀਤਾ ਹੈ ਤੇ ਇਸੇ ਤਰ੍ਹਾਂ ਦਸਵੀਂ ਸਦੀ ਦੇ ਮੁਲਤਾਨੀ ਕਵੀ 'ਅੱਦਹਮਾਣ' ਨੇ 'ਸੰਨੇਹ ਰਾਸਉ' ਲਿਖ ਕੇ ਇਸੇ ਪਰੰਪਰਾ ਨੂੰ ਅਗੇ ਵਧਾਇਆ ਹੈ । ਅੰਮ੍ਰਿਤਾ ਨੇ ਆਪਣੇ ਕਾਵਿ-ਸੰਗ੍ਰਹਿ ਦਾ ਇਹ ਨਾਂ ਰੱਖ ਕੇ ਇਸ ਰੀਤੀ ਨੂੰ ਮੁੜ ਨਵੇਂ ਰੂਪ ਵਿੱਚ ਜੀਉਂਦਿਆਂ ਕੀਤਾ ਹੈ। ਭਾਵੇਂ 'ਸੁਨੇਹੜੇ' ਨਾਂ ਦੀ ਇਕ ਵੱਖਰੀ ਨਜ਼ਮ ਵੀ ਹੈ ਪਰ ਬਾਕੀ ਨਜ਼ਮਾਂ ਵੀ ਸੁਨੇਹੇ ਦੇ ਰੰਗ ਵਾਲੀਆਂ ਹੀ ਹਨ । ਕਵੀ ਕਹਿੰਦਾ ਹੈ :—

'ਹਰ ਮੇਰਾ ਨਗ਼ਮਾ ਜਿਵੇਂ, ਮੈਂ ਖ਼ਤ ਕੋਈ ਲਿਖਦੀ ਰਹੀ
ਹੈਰਾਨ ਹਾਂ ਇਕ ਸਤਰ ਵੀ, ਤੇਰੇ ਤਕ ਪੁਜਦੀ ਨਹੀਂ ।'

ਆਖ਼ਰ 'ਇਸ ਹਿਜਰ ਦੇ ਪੈਂਡੇ ਉਤੇ, ਜਿੰਦ ਗਈ ਮੇਰੀ ਹੰਭ ਵੇ' ਦੇ ਕਹਿਣ ਅਨੁਸਾਰ ਹੰਭੀ ਜ਼ਿੰਦਗੀ ਸੁਨੇਹੜੇ ਦੇ ਦੇ ਅਪਣਾ

ਥਕੇਵਾਂ ਲਾਹੁੰਦੀ ਹੈ:–

ਲੱਗੀ ਲੋਅ ਤੇ ਪਹਿਲੜਾ ਪਹਿਰ ਲੱਗਾ
ਫੇਰ ਦੂਸਰੇ ਪਹਿਰ ਨੇ ਸੰਦ ਲਾਈ।
ਇਕ ਤੇਰੇ ਵਿਯੋਗ ਦਾ ਮੇਘ ਛਾਇਆ
ਦੂਜਾ ਉਮਰ ਦੀ ਸਿਖਰ ਦੁਪਹਿਰ ਆਈ
ਤੇਰਾ ਖ਼ਤ ਸਾਨੂੰ ਅੱਜ ਬਹੁੜਿਆ ਏ
ਜਿਵੇਂ ਸੱਤਾਂ ਅਸਮਾਨਾਂ ਤੇ ਘਟਾ ਛਾਈ!
ਦੋਵੇਂ ਅੱਖੀਆਂ ਸਾਡੀਆਂ ਝੂੰਮ ਪਈਆਂ,
ਮੱਥੇ ਵਿਚ ਨਸੀਬਾਂ ਨੇ ਪੈਲ ਪਾਈ......।
ਅੱਖਾਂ ਭਰੀਆਂ ਨੇ ਨਾਲ ਗਲੇਡੂਆਂ ਦੇ,
ਹੋਠ ਭਰੇ ਨੇ ਨਾਲ ਸੁਨੇਹੜਿਆਂ ਦੇ
ਸਾਰ ਜਾਣਦੇ ਨੇ ਇਨ੍ਹਾਂ ਅੱਖਰਾਂ ਦੀ
ਸੱਜਣ ਵਿਛੜੇ ਸੱਜਣਾਂ ਜਿਹੜਿਆਂ ਦੇ।'

ਕਵੀ ਦੇ ਸੰਕੇਤਕ ਤੇ ਚਿਤ੍ਰਮਈ ਬਿਆਨ ਦੀ ਖ਼ੂਬਸੂਰਤੀ ਲਈ ਤੇ ਵਰਤੀ ਗਈ ਬਿੰਬਾਵਲੀ ਦਾ ਜਾਦੂ ਦੇਖਣ ਲਈ ਇਹ ਸਤਰਾਂ ਪੜ੍ਹਨੀਆਂ ਕਾਫ਼ੀ ਹਨ :–

'ਪੂਰਬ ਨੇ ਹੁੱਝ ਲੰਭਿਆ, ਕਿਹੜੇ ਅੰਬਰ ਫੋਲ
ਜਿਉਂ ਹੱਥ ਕਟੋਰਾ ਦੁੱਧ ਦਾ, ਵਿਚ ਕੇਸਰ ਦਿੱਤਾ ਘੋਲ।
ਚਾਨਣ ਲਿਪੀ ਰਾਤ ਵੇ, ਸੱਤ ਸੁਗੰਧਾਂ ਡੋਲ੍ਹ।
ਅੰਬਰ ਫ਼ਸਲਾਂ ਪੱਕੀਆਂ, ਤਾਰਿਆਂ ਲਾ ਲਏ ਬੋਹਲ।

ਪੰਛੀ ਤੋਲੇ ਪਰਾਂ ਨੂੰ, ਟਾਹਣਾਂ ਗਈਆਂ ਡੋਲ
ਨ ਦੇ ਖੰਭ ਵਿਕੇਂਦੜੇ ਜਾਂ ਰਹਿ ਪਉ ਸਾਡੇ ਕੋਲ।'

ਇਵੇਂ ਜਿਵੇਂ ਕੁਦਰਤ-ਚਿਤਰ ਦਾ ਨਮੂਨਾ ਤੱਕਣ ਲਈ:–

'ਅੱਲੜ੍ਹ ਧੁਪਾਂ ਖੇਡਣ ਪਈਆਂ', ਖੇਡਣ ਰੰਗ ਕਸੁੰਭ ਵੇ
ਲਗਰਾਂ ਜਹੀਆਂ ਸਿਖਰ ਦੁਪਹਿਰਾਂ, ਹੋਈਆਂ ਚਿਟੀਆਂ ਖੁੰਬ ਵੇ
ਵੇਖ ਸਮੇਂ ਨੇ ਚਾੜ੍ਹ ਧੁਣਖਣੀ, ਚਾਨਣ ਦਿਤਾ ਤੁੰਬ ਵੇ
ਦੋਵੇਂ ਪੈਰ ਦਿਹੁੰ ਦੇ ਠਰ ਗਏ, ਕਿਰਨਾਂ ਮਾਰੀ ਚੁੰਬ ਵੇ......।

ਨਿਕੀਆਂ ਕਵਿਤਾਵਾਂ ਬਿਨਾ ਅੰਮ੍ਰਿਤਾ ਨੇ ਦੋ ਲੰਮੀਆਂ ਰਚਨਾਵਾਂ 'ਮੈਂ ਤ੍ਵਾਰੀਖ਼ ਹਾਂ ਹਿੰਦ ਦੀ' ਤੇ 'ਪੰਜਾਬ ਦੀ ਤ੍ਵਾਰੀਖ਼' ਨਾਂ ਹੇਠ ਇਕ ਤਰ੍ਹਾਂ ਦੇ ਖੰਡ-ਕਾਵਿ ਰਚੇ ਹਨ, ਇਹ ਬਹੁਤ ਸਫਲ ਕਰਤਾਂ ਹਨ, ਜੋ ਕਵੀ ਦੀ ਮਹਾਨ ਪ੍ਰਤਿਭਾ ਦੀਆਂ ਲਖਾਇਕ ਹਨ। ਇਨ੍ਹਾਂ ਵਿਚੋਂ ਸਾਡੀ ਸਭਿਅਤਾ ਬੋਲਦੀ ਪਈ ਸੁਣਾਈ ਦੇਂਦੀ ਹੈ। ਜੇ ਭਵਿਖਤ ਕਵੀ ਤੋਂ ਕਿਸੇ ਮਹਾਂ-ਕਾਵਿ ਦੀ ਆਸ ਕਰੇ ਤਾਂ ਇਹ ਕੋਈ ਅਨੋਖੀ ਗੱਲ ਨਹੀਂ।

ਅੰਮ੍ਰਿਤਾ ਦੀਆਂ ਕਵਿਤਾਵਾਂ ਦੇ ਸੁੰਦਰ ਹੋਣ ਦਾ ਕਿਸੇ ਨੂੰ ਸੰਦੇਹ ਨਹੀਂ, ਪਰੰਤੂ ਉਸ ਦੇ ਗੀਤ ਤਾਂ ਅਤੀ ਸੁੰਦਰ ਹੋਣ ਦਾ ਦਾਅਵਾ ਵੀ ਕਰ ਸਕਦੇ ਹਨ। ਉਨ੍ਹਾਂ ਵਿਚ ਗੁਣਗੁਣਾਂਦਾ ਸੰਗੀਤ, ਇਸਤਰੀ-ਲਚਕ, ਮਨੋਹਰਤਾ, ਕੋਮਲਤਾ ਤੇ ਕਲਪਣਾ ਦੀ ਰੰਗੀਨੀ ਅਨੋਖਾ ਜਾਦੂ ਪਾਉਣ ਵਾਲੀ ਹੈ। ਪ੍ਰਸਿੱਧ ਗੀਤਕਾਰ ਕਵੀ ਪ੍ਰੋ: ਮੋਹਨ ਸਿੰਘ ਆਖਦਾ ਹੈ:–

'ਅੰਮ੍ਰਿਤਾ ਦੇ ਗੀਤ ਉਸ ਦੀ ਆਤਮਾ ਵਿਚੋਂ ਆਪ-ਮੁਹਾਰੇ ਝੜੇ ਟੋਟੇ ਹੀ ਨਹੀਂ, ਸਗੋਂ ਉਸ ਨੇ ਇਨ੍ਹਾਂ ਨੂੰ ਇਕ ਕਾਰੀਗਰ ਕਵੀ ਵਾਂਗ ਘੜ ਜੜ ਕੇ ਸ਼ਕਲ ਵੀ ਦਿੱਤੀ ਹੈ। ਅੰਮ੍ਰਿਤਾ ਵਿਚ ਇਕ ਗੀਤਕਾਰ ਦਾ ਮੁਕੰਮਲ ਕਸਬ ਮੌਜੂਦ ਹੈ। ਉਹ ਗੀਤ ਦੀ ਗੋਂਦ ਦੀ ਉਸਤਾਦ ਹੈ। ਉਸ ਨੂੰ ਪਤਾ ਹੈ ਕਿ ਗੀਤਾਂ ਵਿੱਚ ਸ਼ਬਦਾਂ ਤੇ ਆਵਾਜ਼ਾਂ ਅਤੇ ਪੁਰਾਣੀਆਂ ਪ੍ਰਸਥਿਤੀਆਂ ਵਾਲੇ ਬੋਲਾਂ ਦਾ ਹੋਣਾ ਕਿਤਨਾ ਜ਼ਰੂਰੀ ਹੈ। ਉਹ ਵੇਲੇ-ਸਿਰ ਸ਼ਬਦਾਂ ਤੇ ਤੁਕਾਂ ਨੂੰ ਬਾਰ ਬਾਰ ਦੁਹਰਾਣ ਦੇ ਟੂਣੇ ਤੋਂ ਵੀ ਅਨਜਾਣ ਨਹੀਂ। ਗੀਤਾਂ ਦੀ ਦੁਨੀਆ ਵਿਚ ਸਿਵਾਇ ਕੁਝ ਲੋਕ-ਗੀਤਾਂ ਦੇ ਅੰਮ੍ਰਿਤਾ ਆਪਣਾ ਜੋੜ ਨਹੀਂ ਰੱਖਦੀ।'

ਲਾ. ਧਨੀ ਰਾਮ ਚਾਤ੍ਰਿਕ ਉਸ ਨੂੰ 'ਗੀਤਾਂ ਦੀ ਬਾਦਸ਼ਾਹਣੀ' ਕਹਿੰਦੇ ਹਨ। ਬਲਵੰਤ ਗਾਰਗੀ ਦੇ ਸ਼ਬਦਾਂ ਵਿੱਚ 'ਉਸ ਦੇ ਗੀਤ

ਕੱਤਕ ਦੀ ਟਿਕਵੀਂ ਚਾਨਣੀ ਰਾਤ ਦੇ ਫੁੱਲਾਂ ਵਾਂਙ ਨਰਮ ਹਨ ਤੇ ਐਸੇ ਹੀ ਸਾਦਾ ਕਿ ਇਕ ਗੰਭੀਰ ਆਦਮੀ ਹੀ ਜਾਣ ਸਕਦਾ ਹੈ ਕਿ ਕਿੰਨੇ ਕੁ ਡੂੰਘੇ ਹਨ।'

ਖ਼ਾਸ ਕਰਕੇ ਲੋਕ-ਧਾਰਨਾ ਦੇ ਗੀਤਾਂ ਵਿਚ ਅੰਮ੍ਰਿਤਾ ਦਾ ਸੁੱਚਾ ਪਿਆਰ ਇਕ ਅਨੋਖੀ ਹੈਸੀਅਤ ਦਾ ਸੁਆਮੀ ਹੈ, ਉਹ ਸ਼ਖਸੀ ਪਿਆਰ ਦੀਆਂ ਸੁਰਾਂ ਵਿਚ ਬੋਲਦਾ ਬੋਲਦਾ ਚੇਤੰਨ ਹੋਕੇ ਲੋਕ-ਪਿਆਰ ਵਿਚ ਪਲਟਦਾ ਦਿਸਦਾ ਹੈ। ਇਹ ਕਿਰਤੀ ਸ਼ਰੇਣੀ ਨਾਲ ਪਰਗਟਾਈ ਸੰਜੀਦਾ ਮੁਹੱਬਤ ਉਸ ਦੇ ਗੀਤਾਂ ਦੀ ਪੁਜ਼ੀਸ਼ਨ ਨੂੰ ਹੋਰ ਵੀ ਬਲਵਾਨ ਬਣਾਂਦੀ ਹੈ। ਫਿਰ ਉਸ ਦੇ ਗੀਤਾਂ ਦੇ ਸੰਗੀਤ ਵਿਚ ਸਤਾਰ ਦਾ ਵੀ ਕਾਫ਼ੀ ਹਿਸਾ ਹੈ ਜਿਸ ਵਿਚ ਉਹ ਭਲੀ ਪਰਕਾਰ ਪਹਿਲਾਂ ਤੋਂ ਹੀ ਪ੍ਰਬੀਣ ਹੈ। ਰੂਪਕ ਪੱਖੋਂ ਇਨ੍ਹਾਂ ਗੀਤਾਂ ਦੀ ਪ੍ਰਭਾਵਸ਼ਾਲੀ ਬਣਤਰ ਦਾ ਕਾਰਣ ਉਨ੍ਹਾਂ ਨੂੰ ਲੋਕ-ਗੀਤਾਂ ਦੀ ਪਾਹ ਹੋਣਾ ਵੀ ਹੈ, ਸਭ ਤੋਂ ਮਹਾਨਤਾ ਵਾਲੀ ਗੱਲ ਇਹ ਹੈ ਕਿ ਦਿਲ ਦੇ ਲਹੂ ਦਾ ਗੂੜ੍ਹਾ ਮਜੀਠੀ ਰੰਗ ਇਕ ਤਰ੍ਹਾਂ ਉਨ੍ਹਾਂ ਤੇ ਦੂਣੀ-ਚਉਣੀ ਆਭਾ ਖਿਲਾਰਦਾ ਹੈ।

ਹੋ ਮਿਲੀ ਵੰਦਣਾ, ਅੱਜ ਵਗਦੀ ਪੁਰੇ ਦੀ ਵਾ, ਨਿੰਮ੍ਹੀ ਨਿੰਮ੍ਹੀ ਤਾਰਿਆਂ ਦੀ ਲੋ, ਪਿਆਰ ਮੇਰਾ ਹੋ ਗਿਆ ਯਾਦਾਂ ਦੇ ਹਵਾਲੇ, ਦਿਲ ਦਾ ਮਾਨ ਸਰੋਵਰ ਭਰਿਆ, ਅਜ ਖ਼ੁਸ਼ੀਆ ਜੀਅੜਾ ਮ੍ਹਾੜਾ ਓਇ, ਆਦਿ ਵਿਚੋਂ ਕੋਈ ਵੀ ਗੀਤ ਗੁਣਗੁਣਾ ਕੇ ਵੇਖਿਆ ਜਾ ਸਕਦਾ ਹੈ। ਸਮੁਚੇ ਤੌਰ ਤੇ ਹੀ ਅੰਮ੍ਰਿਤਾ-ਕਾਵਿ ਵਿਚ ਕੁਦਰਤੀਪਣ ਤੇ ਕੋਮਲਤਾ ਵਧੇਰੇ ਹੈ ਤੇ ਇਲਮੀਅਤ ਦਾ ਬੋਝ ਨਹੀਂ ਹੈ। ਉਸਦਾ ਸੁਹਜ, ਸਹਿਜ ਬਿਆਨ ਵਿਚ ਛੁਪਿਆ ਹੋਇਅ ਹੈ ਤੇ ਇਹ ਰੰਗ ਉਸ ਨੂੰ ਲੋਕ-ਗੀਤਾਂ ਨੇ ਬਖਸ਼ਿਆ ਹੈ। ਮੇਰਾ ਇਹ ਵਿਸ਼ਵਾਸ਼ ਗ਼ਲਤ ਨਹੀਂ ਕਿ ਇਸ 'ਪੰਜਾਬੀ ਮੀਰਾਂ' ਦੇ ਗੀਤ ਸਦੀਆਂ ਬਾਦ ਵੀ ਰਬਾਬਾਂ ਸਤਾਰਾਂ ਦਾ ਸਾਥ ਦੇਣਗੇ ਤੇ ਪ੍ਰੀਤ-ਮਹਿਫਲਾਂ ਵਿਚ ਗਾਏ ਜਾਂਦੇ ਰਹਿਣਗੇ ਕਿਉਂਕਿ ਇਨ੍ਹਾਂ ਦੀ



ਸੁਨਹਿਰੀ ਸੁਰ ਵਿਚ ਭਵਿਸ਼ਤ ਦੀ ਲੋਕਤਾ ਗੂੰਜਦੀ ਹੈ–

ਧੀਏ ਨੀ ਸੁਣ ਮੇਰੀਏ, ਤੈਨੂੰ ਰਹੀ ਉਡੀਕ
ਅਗਲਾ ਸਫ਼ਾ ਭਵਿਖ ਦਾ, ਪਾਈਂ ਸੁਨਹਿਰੀ ਲੀਕ।
ਹੱਥ ਫੜਾਵਾਂ ਕਾਨੀਆਂ, ਕਾਗਜ਼ ਕੋਰ ਨਿਕੋਰ
ਲੋਕ-ਕਥਾ ਦੀ ਤੰਦ ਨੂੰ, ਹੁਣ ਤੂੰ ਅਗੇ ਤੋਰ।

[ਅਫ਼ਿਕਾ ਚੇਤ



# ਅੰਮ੍ਰਿਤਾ ਦੀ ਕਵਿਤਾ ਦਾ ਵਿਕਾਸ

'ਕਵਿਤਾ ਕੀ ਹੈ,' ਇਸ ਬਾਰੇ ਅੰਮ੍ਰਿਤਾ ਦੇ ਆਪਣੇ ਸ਼ਬਦ ਇਹ ਹਨ 'ਨਿਰ-ਅਕਾਰ ਵਲਵਲੇ ਜਦੋਂ ਸ਼ਬਦਾਂ ਦੇ ਅੰਗਾਂ ਵਿਚ ਬਦਲ ਜਾਂਦੇ ਨੇ ਤਾਂ ਉਹਦਾ ਨਾਮ ਹੋ ਜਾਂਦਾ ਏ: ਕਵਿਤਾ'।

(ਤ੍ਰੇਲ ਧੋਤੇ ਫੁੱਲ, ਸਫ਼ਾ ੧੦)

ਇਸ ਕਥਨ ਦਾ ਸਿੱਧਾ-ਸਾਦਾ ਮਤਲਬ ਹੈ ਕਿ ਕਵਿਤਾ ਮਨੁੱਖੀ ਆਤਮਾ ਦੀ ਆਵਾਜ਼ ਹੈ, ਤੇ ਦੂਜੇ ਸ਼ਬਦਾਂ ਵਿਚ ਅਸੀਂ ਇਸ ਨੂੰ ਮਨੁੱਖੀ ਜੀਵਨ ਦਾ ਸ਼ਬਦ-ਚਿਤ੍ਰ ਆਖ ਸਕਦੇ ਹਾਂ। ਅੰਮ੍ਰਿਤਾ ਦੇ ਅੰਤਰ-ਆਤਮੇ ਵਿਚੋਂ ਇਹ ਆਵਾਜ਼ ਕਿਵੇਂ ਪੈਦਾ ਹੋਈ ਤੇ ਇਸ ਦਾ ਰੂਪਕ ਵਿਕਾਸ਼ ਕਿਵੇਂ ਹੋਇਆ, ਇਸ ਸਬੰਧ ਵਿਚ ਕੁਝ ਗੱਲਾਂ ਦੱਸਣੀਆਂ ਜ਼ਰੂਰੀ ਹਨ।

'ਅੰਮ੍ਰਿਤਾ' ਦੀ ਕਵਿਤਾ ਦਾ ਵਿਕਾਸ ਜਾਣਨ ਲਈ ਉਸ ਦਾ ਮੁੱਢਲਾ ਜੀਵਨ ਦ੍ਰਿਸ਼ਟੀਗੋਚਰ ਹੋਣਾ ਆਵੱਸ਼ਕ ਹੈ। 'ਅੰਮ੍ਰਿਤਾ' ਦਾ ਪਿਤਾ ਗਿਆਨੀ ਕਰਤਾਰ ਸਿੰਘ 'ਪੀਯੂਖ' ਸੰਸਕ੍ਰਿਤ ਦਾ ਅੱਛਾ ਵਿਦਵਾਨ ਤੇ ਹਿੰਦੀ-ਪੰਜਾਬੀ ਦਾ ਕਵੀ ਸੀ। ਪਹਿਲਾਂ ਉਹ ਸਾਧੂ ਬਣ ਕੇ ਵਿਚਰਦਾ ਰਿਹਾ, ਪਰ ਪਿਛੋਂ ਆਪਣੀ ਸੁਪਤਨੀ 'ਰਾਜ' ਦੇ ਸਹਿਯੋਗ ਨਾਲ ਜਦ ਉਹ ਪ੍ਰਵਿਰਤੀ ਮਾਰਗ ਵਿਚ ਦਾਖ਼ਲ ਹੋ ਕੇ 'ਰਾਜ ਜੋਗ' ਦਾ ਧਾਰਨੀ ਬਣਿਆ ਤਾਂ ਉਹ ਕੇਵਲ ਗਿਆਨੀ ਕਰਤਾਰ ਸਿੰਘ ਹੀ ਨਹੀਂ, ਸਗੋਂ ਨਾਲ ਹੀ ਕਾਵਿ-ਰਸੀਆ 'ਪੀਯੂਖ' ਵੀ ਸੀ। ਕਵਿਤ੍ਰੀ 'ਅੰਮ੍ਰਿਤਾ' ਉਸੇ 'ਪੀਯੂਖ' ਦੀ ਧੀ ਹੋਣ ਕਰਕੇ ਉਸੇ ਦਾ ਪ੍ਰਤੀਰੂਪ ਅਥਵਾ ਰੂਪਾਂਤਰ ਹੈ।

ਸੰਨ ੧੯੨੮ ਵਿਚ, ਜਦ 'ਪੀਯੂਖ' ਹੋਰੀਂ ਗੁਰਮਤਿ ਟ੍ਰੈਕਟ ਸੋਸਾਇਟੀ ਲਾਹੌਰ ਦੇ ਮੁਲਾਜ਼ਮ ਸਨ ਤਾਂ ਅੰਮ੍ਰਿਤਾ ਮਸਾਂ ਦਸ ਕੁ ਵਰ੍ਹਿਆਂ ਦੀ ਸੀ ਤੇ ਸਕੂਲ ਵਿਚ ਪੜ੍ਹਦੀ ਸੀ। ਲਗਭਗ ਇਸੇ ਸਮੇਂ ਦੇ ਦੌਰਾਨ ਵਿਚ 'ਪੀਯੂਖ' ਹੋਰਾਂ ਦੀ ਰੀਸੋ-ਰੀਸ ਉਸ ਨੂੰ ਕਵਿਤਾ ਰਚਣ ਦਾ ਸ਼ੌਕ ਜਾਗਿਆ।

ਸੰਨ ੧੯੨੯ ਵਿਚ ਗਿਆਨੀ ਕਰਤਾਰ ਸਿੰਘ ਨੇ ਸੁਸਾਇਟੀ ਦੀ ਨੌਕਰੀ ਛੱਡ ਕੇ ਲਾਹੌਰੋਂ 'ਰਣਜੀਤ ਨਗਾਰਾ' ਨਾਮੀ ਮਾਸਕ ਪੱਤ੍ਰ ਜਾਰੀ ਕੀਤਾ ਜੋ ਸੰਨ ੧੯੩੧ ਤਕ ਚਲਦਾ ਰਿਹਾ। ਇਸ ਰਸਾਲੇ ਵਿਚ ਅੰਮ੍ਰਿਤਾ ਦੀ ਕਵਿਤਾ ਛਪਦੀ ਰਹੀ। ਇਸ ਤਰ੍ਹਾਂ ਕਵਿਤਾ ਰੂਪ ਵਿਚ ਧੀ ਨੂੰ 'ਅੰਮ੍ਰਿਤ' ਬਣਦੀ ਵੇਖ ਕੇ ਕਰਤਾਰ ਸਿੰਘ ਹੋਰੀਂ ਆਪਣਾ 'ਪੀਯੂਖ' ਉਪਨਾਮ ਛੱਡ ਗਏ ਤੇ ਨਿਰੇ 'ਹਿੱਤਕਾਰੀ' ਬਣ ਕੇ ਆਪਣਾ ਆਤਮਿਕ ਹਿਤ ਦਰਸਾਉਣ ਲੱਗੇ।

ਗਿਆਨੀ ਕਰਤਾਰ ਸਿੰਘ ਜੋ 'ਪੀਯੂਖ' (ਪਿਛੋਂ ਹਿੱਤਕਾਰੀ) ਕਿਹੋ-ਜਿਹੇ ਕਵੀ ਸਨ ਤੇ ਅੰਮ੍ਰਿਤਾ ਪਹਿਲੇ ਪਹਿਲ ਕਿਹੋ ਜਿਹੀ ਕਵਿਤਾ ਲਿਖਦੀ ਰਹੀ, ਇਹ ਕ੍ਰਮਿਕ ਵਿਕਾਸ ਜਾਣਨ ਲਈ ਇਥੇ ਅੰਮ੍ਰਿਤਾ ਦੇ ਪਹਿਲੇ ਕਵਿਤਾ-ਸੰਗ੍ਰਹਿ 'ਅੰਮ੍ਰਿਤ ਲਹਿਰਾਂ' ਵਿਚੋਂ ਕੁਝ ਕੁ ਹਵਾਲੇ ਦੇਣੇ ਜ਼ਰੂਰੀ ਹਨ। ਅੰਮ੍ਰਿਤਾ ਦਾ ਮੁੱਢਲਾ ਕਵੀ-ਜੀਵਨ, ਜਿਵੇਂ ਕਿ ਉਸ ਦੇ ਇਸ ਕਵਿਤਾ-ਸੰਗ੍ਰਹਿ ਤੋਂ ਪਤਾ ਲਗਦਾ ਹੈ, ਖਾਸਾ ਪਰੰਪਰਾਵਾਦੀ ਹੈ। ਉਹ ਕਵਿਤਾ ਵਿਚ ਹੀ ਆਪਣੀ ਇਸ ਪੁਸਤਕ ਦੀ ਭੂਮਿਕਾ ਲਿਖਦੀ ਹੈ ਤੇ ਮੰਗਲਾ-ਚਰਣ ਵੀ ਕਵਿਤਾ ਵਿਚ ਹੀ ਕਰਦੀ ਹੈ, ਜਿਵੇਂ ਕਿ ਪੁਰਾਣੇ ਕਵੀ ਕਿੱਸਿਆਂ ਵਿਚ ਜਾਂ ਹੋਰ ਪੁਸਤਕਾਂ ਦੇ ਸ਼ੁਰੂ ਵਿਚ ਕਰਿਆ ਕਰਦੇ ਸਨ। ਇਸ ਤੋਂ ਬਿਨਾ ਹਰੇਕ ਕਵਿਤਾ ਜਾਂ ਛੰਦ ਦੇ ਅਖੀਰ 'ਅੰਮ੍ਰਿਤ' ਨਾਮ ਦੀ ਵਰਤੋਂ ਵੀ ਉਸ ਦੇ ਇਸੇ ਪਰੰਪਰਾਵਾਦ ਦੀ ਸੂਚਕ ਹੈ। ਛੰਦ ਆਮ ਤੌਰ ਤੇ ਕਬਿੱਤ, ਦਵੈਯੇ, ਚੌਪਈ ਤੇ ਬੈਂਤਾਂ (ਪੁਕਾਰ ਛੰਦ) ਹਨ। ਇਸੇ ਕਰ ਕੇ 'ਅੰਮ੍ਰਿਤ-ਲਹਿਰਾਂ' ਦੀ

ਕਵਿਤਾ ਕਿਤੇ ਕਿਤੇ ਗਿਆਨੀ ਕਰਤਾਰ ਸਿੰਘ ਹੋਰਾਂ ਦੀ 'ਨੌਂ ਰਸ' ਦੀ ਕਵਿਤਾ ਨਾਲ ਜਾ ਮਿਲਦੀ ਹੈ, ਜਿਵੇਂ-

ਕਿਹੜਾ ਪੰਛੀ ਸੁਮਰ ਦਾ ਅੰਤ ਪਾਵੇ,
ਸਿੱਪੀ ਨਾਲ ਸਮੁੰਦਰ ਨੂੰ ਮਿਣੇ ਕਿਹੜਾ?
ਕੌਣ ਅੰਤ ਲਏ ਰੇਤ ਦੇ ਕਿਣਕਿਆਂ ਦਾ?
ਮਹਿਲ ਵਿੱਚ ਆਕਾਸ਼ ਦੇ ਚਿਣੇ ਕਿਹੜਾ?
ਕਿਹੜਾ ਕਰੇ ਸ਼ੁਮਾਰ ਸਤਾਰਿਆਂ ਦਾ?
ਤੁਪਕੇ ਗਿਣ ਬਰਸਾਤ ਦੇ ਕੌਣ ਦੱਸੇ?
ਕਿਹੜਾ ਤੇਰੇ ਉਪਕਾਰ ਦਾ ਅੰਤ ਪਾਵੇ?
ਅਤੇ 'ਅੰਮ੍ਰਿਤ' ਦੇ ਦੋਸ਼ਾਂ ਨੂੰ ਗਿਣੇ ਕਿਹੜਾ?
(ਅੰਮ੍ਰਿਤ ਲਹਿਰਾਂ, ਸਫ਼ਾ ੧੭੨)

ਇਹ ਰਵਾਇਤੀ ਕਵਿਤਾ, ਜਿਸ ਨੂੰ ਦੂਜੇ, ਸ਼ਬਦਾਂ ਵਿਚ ਪਰੰਪਰਾਵਾਦੀ ਕਵਿਤਾ ਕਿਹਾ ਜਾਂਦਾ ਹੈ, 'ਅੰਮ੍ਰਿਤ ਲਹਿਰਾਂ' ਤੋਂ ਬਿਨਾ ਉਸ ਦੀਆਂ ਕੁਝ ਹੋਰ ਕਵਿਤਾਵਾਂ ਵਿਚੋਂ ਵੀ, ਜੋ ਬਾਦ ਵਿਚ ਲਿਖੀਆਂ ਗਈਆਂ, ਮਿਲਦੀ ਹੈ, ਜਿਵੇਂ—ਜੀਉਂਦਾ ਜੀਵਨ (੧੯੩੯) ਅਤੇ ਤ੍ਰੇਲ ਧੋਤੇ ਫੁੱਲ (੧੯੪੧) ਵਿਚੋਂ ਕਈ ਉਦਾਹਰਣ ਇਸੇ ਤਰ੍ਹਾਂ ਦੇ ਹਨ। ਅਸਲ ਵਿਚ ਇਹ ਰਵਾਇਤੀ ਕਵਿਤਾ 'ਜਿਉਂਦਾ ਜੀਵਨ' ਵਿਚ ਹੀ ਕਿਤੇ ਕਿਤੇ ਲੁਪਤ ਹੋਣ ਲੱਗ ਪਈ ਤੇ 'ਤ੍ਰੇਲ ਧੋਤੇ ਫੁੱਲ' ਵਿੱਚ ਤਾਂ ਗੀਤਕ ਤੇ ਅਨੰਤ-ਤੁਕੀ ਪਛਮੀ ਢੰਗ ਦੀ ਕਵਿਤਾ ਨੇ ਕਾਫ਼ੀ ਥਾਂ ਮੱਲ ਲਈ, ਇਸ ਲਈ ਪਿੰਗਲ ਦੇ ਪੁਰਾਣੇ ਛੰਦ-ਵਜ਼ਨ ਬਿਲਕੁਲ ਨਵੇਂ ਰੂਪਾਂ ਵਿਚ ਵਟੀਜ ਗਏ।

ਸੋ ਅੰਮ੍ਰਿਤਾ ਦੀ ਕਵਿਤਾ, ਜਿਵੇਂ ਕਿ ਪਿਛੇ ਦੱਸਿਆ ਜਾ ਚੁੱਕਾ ਹੈ, ਰਵਾਇਤੀਪਣ ਦੇ ਇਮਤਿਹਾਨਾਂ ਵਿਚੋਂ ਲੰਘ ਕੇ ਸੰਨ ੧੯੪੨ ਦੇ ਨੇੜੇ ਤੇੜੇ ਕਾਫ਼ੀ ਹੱਦ ਤਕ ਗੀਤਕ ਜਿਹੀ ਬਣ ਗਈ ਸੀ। 'ਤ੍ਰੇਲ ਧੋਤੇ ਫੁੱਲ' ਤੋਂ ਬਾਦ 'ਓ ਗੀਤਾਂ ਵਾਲਿਆ,' 'ਬੱਦਲਾਂ



ਦੇ ਪੱਲੇ ਵਿਚ' ਤੇ 'ਸੰਝ ਦੀ ਲਾਲੀ' ਉਸ ਦੇ ਇਕ ਪਰਕਾਰ ਦੇ ਗੀਤਕ ਕਵਿਤਾ-ਸੰਗ੍ਰਹਿ ਹਨ, ਜਿਨ੍ਹਾਂ ਵਿਚ ਭਾਵਕਤਾ ਦੀ ਪਰਧਾਨਤਾ ਹੈ। ਤੇ ਇਹ ਭਾਵੁਕਤਾ 'ਤ੍ਰੇਲ ਧੋਤੇ ਫੁੱਲ' ਤੋਂ ਹੀ ਸ਼ੁਰੂ ਹੋ ਜਾਂਦੀ ਹੈ—

ਸਾਜਨ! ਓ ਮਿੱਠੇ ਸਾਜਨ!!
ਮਿੱਠੇ ਗੀਤਾਂ ਵਾਲੇ
ਜਿਵੇਂ ਸੁੱਚੀ ਪ੍ਰੀਤ ਜਗਮਗਾਂਦੀ ਏ
ਤਿਵੇਂ ਤੇਰੇ ਗੀਤ.........
ਮੇਰੇ ਹਿਰਦੇ-ਗਗਨ ਉਤੇ ਝੂਲ੍ਹ ਝੂਲ੍ਹ ਕਿਰਦੇ।
(ਤ੍ਰੇਲ ਧੋਤੇ ਫੁੱਲ, ਸਫ਼ੇ ੧੧੦-੧੧)

ਤੇ 'ਓ ਗੀਤਾਂ ਵਾਲਿਆ' ਵਿਚ ਤਾਂ ਇਸ ਭਾਵਕਤਾ ਦਾ ਹੜ੍ਹ ਹੀ ਆ ਜਾਂਦਾ ਹੈ ਅਤੇ ਇਸ ਤਰ੍ਹਾਂ ਕੁਝ ਅਨੰਤ-ਤੁਕੀ ਕਵਿਤਾ ਵੀ ਗੀਤ ਰੂਪ ਹੀ ਜਾਪਣ ਲੱਗ ਪੈਂਦੀ ਹੈ, ਜਿਵੇਂ—

ਹਵਾ ਪੱਤਿਆਂ ਦੇ ਕੰਨ ਵਿਚ ਆ ਕੇ ਕਹਿੰਦੀ ਏ—
"ਮੈਂ ਓਹਦੇ ਕੋਲੋਂ ਆਈ ਹਾਂ।"
ਪੱਤੇ ਤੈਨੂੰ ਵੇਖਦੇ ਨਹੀਂ—
ਪਰ ਤੇਰਾ ਨਾਂ ਸੁਣ ਕੇ ਨੱਚ ਉਠਦੇ ਨੇ।
(ਸਫ਼ਾ ੧੩)

ਪਰ ਇਹ ਗੀਤ ਕੀ ਹਨ ਤੇ ਕਿੱਥੋਂ ਆਉਂਦੇ ਹਨ। ਇਹ ਰਹੱਸ ਵੀ ਅੰਮ੍ਰਿਤਾ ਨੇ ਇਸ ਕਵਿਤਾ-ਸੰਗ੍ਰਹਿ ਵਿਚ ਇੰਜ ਦਰਸਾਇਆ ਹੈ—

ਨੈਣਾਂ ਦੇ ਨੀਲੇ ਸਾਗਰੋਂ ਔਂਦੀਆਂ, ਹੰਝੂ-ਸਿੱਪੀਆਂ ਵਗ ਵਗ ਕੇ।
ਗੀਤਾਂ ਦੇ ਮੋਤੀ ਔਂਦੇ, ਹੰਝੂਆਂ ਦੇ ਗਲ ਲਗ ਲਗ ਕੇ।

ਪਰ ਅੰਮ੍ਰਿਤਾ ਦੇ ਅਸਲ ਗੀਤ ਜੇ ਵੇਖਣੇ ਹੋਣ ਤਾਂ ਉਹ 'ਸ਼ਾਵਾ ਨੀ ਘੂਕਰ ਚਰਖੀ ਦੀ' ਆਦਿ ਪੜ੍ਹਨੇ ਚਾਹੀਦੇ ਹਨ। ਲੋਕ-

ਗੀਤਾਂ ਦੇ ਅਨੁਸਾਰੀ ਹੋਣ ਕਰ ਕੇ ਪਾਠਕਾਂ ਨੂੰ ਉਹ ਨਿਰੇ ਪੇਂਡੂ-ਗੀਤ ਹੀ ਜਾਪਣ ਲੱਗ ਪੈਂਦੇ ਹਨ।

ਗੀਤਕਾਰ ਦੇ ਇਸ ਦਰਜੇ ਤਕ ਅੱਪੜ ਕੇ 'ਅੰਮ੍ਰਿਤਾ' ਦੀ ਕਵਿਤਾ ਵਿਚ ਨਾ ਕੇਵਲ ਭਾਵੁਕਤਾ ਹੀ ਹੈ ਸਗੋਂ ਕੁਝ ਅਟੱਲ ਸਚਾਈਆਂ ਵੀ ਹਨ। ਕਵਿਤਾ ਦੇ ਅਲੰਕਾਰਾਂ ਨੂੰ ਉਸ ਨੇ ਹਥੋਂ ਨਹੀਂ ਜਾਣ ਦਿੱਤਾ। ਅਟੱਲ ਸਚਾਈ ਦੇ ਨਮੂਨੇ ਲਈ ਉਸ ਦੀ ਕਵਿਤਾ ਦੇ ਕਈ ਉਦਾਹਰਣ 'ਸੰਝ ਦੀ ਲਾਲੀ' ਵਿਚੋਂ ਮਿਲਦੇ ਹਨ, ਜਿਵੇਂ 'ਬੱਚਾ ਤੇ ਕਵਿਤਾ' ਦੇ ਸਿਰਲੇਖ ਹੇਠ ਉਹ ਲਿਖਦੀ ਹੈ:–

ਦੋ ਚੀਜ਼ਾਂ
ਦੁਨੀਆਂ ਦੀ ਬੁਨਿਆਦ;
ਪਰ ਦੋਵੇਂ ਚੀਜ਼ਾਂ
ਪੈਦਾ ਹੁੰਦੀਆਂ
ਜਨਮ-ਪੀੜ ਦੇ ਬਾਦ ।

ਇਸ ਉਦਾਹਰਣ ਵਿਚ 'ਬੱਚਾ' ਤੇ 'ਕਵਿਤਾ' ਦੀ ਸਮਾਨਤਾ ਦੱਸੀ ਗਈ ਹੈ, ਇਸ ਲਈ ਉਪਮਾ ਅਲੰਕਾਰ ਹੈ। ਇਸੇ ਤਰ੍ਹਾਂ 'ਸੰਝ ਦੀ ਲਾਲੀ' ਨਾਮੀ ਕਵਿਤਾ ਵਿਚ ਸੰਝ ਦੀ ਲਾਲੀ ਨੂੰ ਅਭੇਦ ਰੂਪਕ ਬਣਾ ਕੇ ਇਕ ਕੁੜੀ ਨਾਲ ਸਮਤਾ ਦਿੱਤੀ ਹੈ, ਜਿਵੇਂ :–

ਇਕ ਸੀ ਕੁੜੀ
ਓਹ ਨੇ ਕਿਸੇ ਨੂੰ ਲੱਭਣਾ ਸੀ
ਸੀ ਸ਼ਾਹ ਹਨੇਰਾ
ਸੂਰਜ ਦਾ ਦੀਵਾ
ਤਲੀਆਂ ਤੇ ਧਰ
ਓਹ ਨੂੰ ਲੱਭਣ ਟੁਰ ਪਈ
ਤਲੀਆਂ ਤੇ ਦੀਵਾ ਰੱਖ
ਰਾਹਵਾਂ ਤੇ ਅੱਖਾਂ ਚੁੱਕ
ਚੜ੍ਹਦੇ ਤੋਂ ਲਹਿੰਦੇ ਤਕ



ਵਿਚਾਰੀ ਸਾਰਾ ਦਿਨ
ਓਹਨੂੰ ਲਭਦੀ ਰਹੀ
ਜਾਂਦੀ ਦੇ ਰਾਹ ਵਿਚ
ਪੱਛਮ ਖੱਡ ਆਈ
ਤੇ ਉਹ ਦੇ ਹੱਥੋਂ
ਛੁਟਕ ਗਿਆ ਦੀਵਾ
ਤੇ ਡਿਗ ਗਈ ਬੱਤੀ।
ਲੱਕ ਸੀ ਉਹਦੇ
ਨੀਲੇ ਅਸਮਾਨਾਂ ਦੀ
ਬਦਲੀ ਜਹੀ ਧੋਤੀ
ਡਿਗਦੀ ਹੋਈ ਬੱਤੀ
ਉਹਦੇ ਪੱਲੇ ਨਾਲ ਛੋਹੀ।
ਤੇ ਸ਼ਾਮਾਂ ਵੇਲੇ
ਸਾਰਿਆਂ ਨੇ ਤੱਕਿਆ
ਓਹਦੇ ਪੱਲੇ ਦੀ ਕੰਨੀ
ਸੀ ਲਟ ਲਟ
ਬਲਦੀ ਪਈ। (ਸੰਝ ਦੀ ਲਾਲੀ)

ਏਥੇ ਸੰਝ ਦੀ ਲਾਲੀ ਦਾ ਸਿੱਧਾ ਵਰਣਨ ਨਾ ਕਰਕੇ ਉਸ ਨੂੰ ਵਕ੍ਰੋਕਤੀ ਢੰਗ ਨਾਲ ਪਾਠਕਾਂ ਅੱਗੇ ਰੱਖਿਆ ਹੈ। ਇਸੇ ਤਰ੍ਹਾਂ ਹੀ ਇਸ ਪੁਸਤਕ ਵਿਚੋਂ ਪ੍ਰਹੇਲਿਕਾ (ਬੁਝਾਰਤ) ਅਲੰਕਾਰ ਦੇ ਨਮੂਨੇ ਵੀ ਦੇਖਣ-ਜੋਗ ਹਨ। ਅੰਮ੍ਰਿਤਾ ਇਕ ਥਾਵੇਂ ਨੈਣਾਂ ਦੇ ਸਿਰਲੇਖ ਹੇਠ ਬੁਝਾਰਤ ਪਾਉਂਦੀ ਹੈ :–

ਜਾਗਦਿਆਂ ਤੋਂ ਸੁੱਤੇ ਚੰਗੇ
ਜਿਹੜੇ ਲੱਭ ਲਿਆਉਣ ਗੁਆਚੇ ।

ਪਰ ਇਹ ਸੁੱਤੇ ਹੋਏ ਵੀ ਗੁਆਚਿਆਂ ਨੂੰ ਲੱਭਣ ਵਾਲੇ ਕੌਣ ਹਨ ? ਇਹ ਹਨ ਦੋ ਨੈਣ, ਪਰ ਜੇ ਉਪਰ ਸਿਰਲੇਖ ਨਾ ਦਿਤਾ

ਜਾਂਦਾ ਤਦ ਵੀ ਇਨ੍ਹਾਂ ਨੇ ਨੈਣ ਹੀ ਰਹਿਣਾ ਸੀ ਤੇ ਸੁਪਨਾ ਨਹੀਂ ਸੀ ਬਣ ਜਾਣਾ।

ਅਲੰਕਾਰ ਤਾਂ ਅੰਮ੍ਰਿਤਾ ਦੀ ਕਵਿਤਾ ਵਿਚ ਹੋਰ ਵੀ ਹਨ ਪਰ, ਏਥੇ ਅਸੀਂ ਉਸ ਦੇ ਕਾਵਿਕ ਵਿਕਾਸ਼ ਦੀਆਂ ਮੰਜ਼ਲਾਂ ਨਾਪਣ ਲਈ ਅਜੇਹੇ ਸੋਮੇ ਵੀ ਦੇਖਣੇ ਹਨ ਜਿਥੋਂ ਉਸ ਨੂੰ ਪ੍ਰੇਰਣਾ ਮਿਲਦੀ ਰਹੀ। ਇਸ ਸੋਮੇ ਤਿੰਨ ਹਨ–(੧) ਗਿਆਨ ਕਰਤਾਰ ਸਿੰਘ ਜੀ 'ਪੀਯੂਖ' ਜੋ 'ਅੰਮ੍ਰਿਤਾ' ਦੇ ਪਿਤਾ ਸਨ। (੨) ਪ੍ਰੋ: ਮੋਹਨ ਸਿੰਘ ਐਡੀਟਰ 'ਪੰਜ ਦਰਿਆ' ਤੇ (੩). ਸ: ਗੁਰਬਖਸ਼ ਸਿੰਘ ਪ੍ਰੀਤਲੜੀ। ਗਿਆਨੀ ਕਰਤਾਰ ਸਿੰਘ ਤੋਂ ਜੋ ਪ੍ਰੇਰਣਾ ਮਿਲਦੀ ਰਹੀ ਉਸ ਦਾ ਜ਼ਿਕਰ ਪਹਿਲਾਂ ਹੋ ਹੀ ਚੁੱਕਾ ਹੈ। ਹੁਣ ਰਹੇ ਪ੍ਰੋ: ਮੋਹਨ ਸਿੰਘ। ਉਨ੍ਹਾਂ ਦੀਆਂ ਪੁਸਤਕਾਂ ਸਾਵੇ ਪੱਤਰ, ਕਸੁੰਭੜਾ, ਅਧਵਾਟੇ, ਆਵਾਜ਼ਾਂ ਆਦਿ ਦੀਆਂ ਕੁਝ ਕਵਿਤਾਵਾਂ ਨਾਲ ਅੰਮ੍ਰਿਤਾ ਦੀਆਂ ਕਈ ਕਵਿਤਾਵਾਂ ਮਿਲਦੀਆਂ-ਜੁਲਦੀਆਂ ਹਨ। ਜਿਵੇਂ ਕਿ ਪ੍ਰੋਫ਼ੈਸਰ ਸਾਹਿਬ ਨੇ ਸੰਨ ੧੯੩੯ ਵਿਚ 'ਅੰਬੀ ਦੇ ਬੂਟੇ ਥੱਲੇ' ਨਾਮੀ ਕਵਿਤਾ ਲਿਖੀ ਜੋ ਸਾਵੇ ਪੱਤਰ ਵਿਚ ਇਸੇ ਸਾਲ ਪ੍ਰਕਾਸ਼ਤ ਹੋਈ। 'ਅੰਮ੍ਰਿਤਾ' ਨੇ ਇਸੇ ਕਵਿਤਾ ਦੇ ਤੋਲ ਦੇ ਆਧਾਰ ਤੇ 'ਅੰਮੜੀ ਦਾ ਵਿਹੜਾ' ਨਾਮੀ ਕਵਿਤਾ ਲਿਖੀ।

ਏਥੇ ਹੀ ਵੱਸ ਨਹੀਂ, ਜੇ ਪ੍ਰੋਫ਼ੈਸਰ ਮੋਹਨ ਦਾ ਕਾਵਿ-ਸੰਗ੍ਰਹ 'ਅਧਵਾਟੇ' ਤੇ 'ਅੰਮ੍ਰਿਤਾ ਪ੍ਰੀਤਮ' ਦਾ ਕਾਵਿ-ਸੰਗ੍ਰਹ 'ਲੰਮੀਆਂ ਵਾਟਾਂ' ਮੁਕਾਬਲੇ ਵਿਚ ਰੱਖ ਕੇ ਪੜ੍ਹੇ ਜਾਣ ਤਾਂ ਇਸ ਤਰ੍ਹਾਂ ਦੇ ਕਈ ਹੋਰ ਪਰਮਾਣ ਵੀ ਸਹਿਜੇ ਹੀ ਮਿਲ ਜਾਂਦੇ ਹਨ, ਜਿਵੇਂ 'ਅਧਵਾਟੇ' ਵਿਚੋਂ ਪ੍ਰੋ: ਮੋਹਨ ਸਿੰਘ ਦੀ ਕਵਿਤਾ ਦਾ ਇਕ ਉਦਾਹਰਣ ਹੈ :–

ਨੀ ਅਜ ਕੋਈ ਆਇਆ ਸਾਡੇ ਵੇਹੜੇ।
ਤੱਕਣ ਚੰਨ ਸੂਰਜ ਢੁਕ ਢੁਕ ਨੇੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।



ਰੱਖੋ ਨੀ ਏਹਨੂੰ ਚੁਕ ਚੁਕ ਚਸ਼ਮਾਂ ਉਤੇ
ਕਰੋ ਨੀ ਏਹਨੂੰ ਘੁਟ ਘੁਟ ਜਿੰਦ ਦੇ ਨੇੜੇ।
ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ,
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।

(ਸਫ਼ਾ ੪੦)

ਤੇ ਇਸ ਦੀ ਤੁਲਨਾ ਲਈ ਅੰਮ੍ਰਿਤਾ ਦੀ ਕਵਿਤਾ ਹੈ :–

ਫੜੋ ਨੀ ਕੋਈ ਸਮੇਂ ਦੇ ਘੁੱਟ ਘੁੱਟ ਪੱਲੇ।
ਰੱਖੋ ਨੀ ਰੱਖੋ, ਚਲੇ ਨੇ ਸਾਜਣ ਚੱਲੇ।
ਆਵੇ ਨੀ ਆਵੇ, ਆਵੇ, ਨੀ ਆਵੇ ਕੋਈ ਆਵੇ।
ਲਾਵੇ ਨੀ ਏਹਦਾ ਓਦਰਿਆ ਦਿਲ ਲਾਵੇ......।
ਖੁਲ੍ਹੋ ਨੀ ਜ਼ੁਲਫ਼ੋ! ਦੇਵੋ ਨੀ ਸੀਨਾ ਖੋਲ੍ਹ,
ਪਾਵੋ ਨੀ ਪਾਵੋ ਫਾਹੀਆਂ ਤੇ ਰੱਖ ਲੋ ਢੋਲ।

(ਤ੍ਰੇਲ ਧੋਤੇ ਫੁੱਲ, ਸਫ਼ੇ ੯੧–੯੨)

ਮੋਹਨ ਸਿੰਘ ਨੇ ਜੋ ਪੋਠੋਹਾਰੀ ਲੈ ਨੂੰ ਮੁਖ ਰਖ ਕੇ ਕਵਿਤਾ ਲਿਖੀ ਹੈ :–

ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ ਵੇ
ਮਾੜ੍ਹੀ ਗੱਲ ਸੁਣੀ ਜਾ.........(ਅਧਵਾਟੇ, ਸਫ਼ਾ ੪੧)

ਤਾਂ ਅੰਮ੍ਰਿਤਾ ਨੇ ਵੀ ਉਹੋ ਪੋਠੋਹਾਰੀ ਲੈ ਆਪਣੀ ਕਵਿਤਾ ਵਿਚ ਲਿਆਉਣ ਦਾ ਜਤਨ ਕੀਤਾ ਹੈ, ਜਿਵੇਂ–

ਅਜ ਖੁਸ਼ੀਆ ਜੀਅੜਾ ਮਾੜ੍ਹਾ ਓਇ
ਤੱਕਿਆ ਨੀ ਤੱਕਿਆ ਢੋਲਨੇ ਦਾ ਮੂੰਹ
ਖੁਸ਼ੀ ਨਾ ਪਚਦੀ ਹਾੜ੍ਹਾ ਓਇ! (ਸਰਘੀ ਵੇਲਾ, ਸਫ਼ਾ ੧੧)

ਇਸ ਤੋਂ ਪਤਾ ਲਗਦਾ ਹੈ ਕਿ ਮੋਹਨ ਸਿੰਘ ਤੋਂ ਅੰਮ੍ਰਿਤਾ ਨੇ ਇਹ ਕਾਵਿ-ਪ੍ਰੇਰਨਾ ਲਈ ਹੈ, ਜਿਸ ਕਰਕੇ ਉਪਰੋਕਤ ਕਵਿਤਾਵਾਂ ਦੇ ਭਾਵ ਸਾਂਝੇ ਹਨ, ਕਿਸੇ ਹੱਦ ਤਕ ਮਜ਼ਮੂਨ ਵੀ ਸਾਂਝੇ ਹਨ ਤੇ ਕਈ

ਥਾਵੇਂ ਸ਼ਬਦ ਤੇ ਤੁਕਾਂਤ ਵੀ ਸਾਂਝੇ ਹਨ। ਸਾਹਿੱਤ ਵਿਚ ਖ਼ਿਆਲਾ ਦੇ ਇਸ ਆਦਾਨ-ਪ੍ਰਦਾਨ ਨੂੰ 'ਭਾਵ-ਛਾਇਆ' ਦਾ ਨਾਂ ਦਿੱਤਾ ਜਾਂਦਾ ਹੈ।

ਤੀਜੇ ਪ੍ਰੇਰਕ ਹਨ ਅੰਮ੍ਰਿਤਾ ਦੀ ਕਵਿਤਾ ਵਿਚ—ਸ. ਗੁਰਬਖਸ਼ ਸਿੰਘ ਜੀ ਐਡੀਟਰ 'ਪ੍ਰੀਤਲੜੀ'। ਇਨ੍ਹਾਂ ਦੇ ਸੰਪਰਕ ਵਿਚ ਆ ਕੇ ਅੰਮ੍ਰਿਤਾ ਕੁਝ ਸਾਮਵਾਦ ਵਲ ਝੁਕੀ ਝੁਕੀ ਜਾਪਦੀ ਹੈ—

ਹੁਨਰ ਭੁੱਖਾ ਰੋਟੀਏ !
ਪਿਆਰ ਭੁੱਖਾ ਗੋਰੀਏ !
ਕਾਹਦਾ ਹੈ ਰੁੱਖ ਨਿਜ਼ਾਮ ਦਾ
ਫਲ ਕੋਈ ਲਗਦੇ ਨਹੀਂ। (ਸੁਨੇਹੁੜੇ)

ਇਸ 'ਭਾਵ-ਛਾਇਆ' ਦੇ ਨਾਲ ਹੀ 'ਅੰਮ੍ਰਿਤਾ ਦੀਆਂ ਕੁਝ ਅਨੁਵਾਦਿਤ ਕਵਿਤਾਵਾਂ ਵੀ ਹਨ। ਪਾਠਕਾਂ ਦੀ ਦਿਲਚਸਪੀ ਲਈ ਏਥੇ ਉਸ ਦੇ ਕੁਝ ਉਰਦੂ ਅਨੁਵਾਦ ਦੇ ਨਮੂਨੇ ਸਿਲਸਿਲੇਵਾਰ ਦਿੰਦਾ ਹਾਂ —

(੧) ਸਾਹ ਲੈਂਦਿਆਂ ਭੀ ਡਰਨਾ ਵਾਂ
ਕਿਤੇ ਇਹ ਨਾ ਸਮਝਣ, ਆਹ ਭਰਨਾ ਵਾਂ। (ਅਕਬਰ)

(੨) ਕੌਣ ਸੁਣਦਾ ਏ ਮੇਰੀ ਕਹਾਣੀ
ਤੇ ਉਹ ਫੇਰ ਮੇਰੀ ਜ਼ਬਾਨੀ। (ਗ਼ਾਲਿਬ)

(੩) ਦਿਲ ਚੁਰਾ ਕੇ ਹੋ ਗਈ ਉਸਦੀ ਇਉਂ ਨਿਗਾਹ।
ਜਿਵੇਂ ਸਹੁੰ ਖਾਣ ਲਗਦਾ ਏ, ਕੋਈ ਝੂਠਾ ਗਵਾਹ।
(ਦਾਗ਼)

ਇਹ ਅਨੁਵਾਦ ਮੈਨੂੰ ਅਸਲ ਉਰਦੂ ਕਵਿਤਾ ਨਾਲੋਂ ਵੀ ਸੁਆਦਲੇ ਲੱਗੇ ਹਨ। ਮੈਂ ਸਮਝਦਾ ਹਾਂ, ਅਜੇਹੇ ਅਨੁਵਾਦ ਤੇ ਭਾਵ-ਛਾਇਆ ਲੈ ਕੇ ਲਿਖੀਆਂ ਕਵਿਤਾਵਾਂ ਦੀ ਵੀ ਸਾਹਿੱਤ ਵਿਚ ਇਕ ਨਵੇਕਲੀ ਥਾਂ ਹੁੰਦੀ ਹੈ।

ਕਵਿਤਾ ਵਿਚ ਕਵੀ ਦੇ ਖ਼ਿਆਲ ਆਪਣੇ ਹੋਣ ਜਾਂ ਕਿ



ਉਧਾਰ ਲਏ ਹੋਏ, ਪਰ ਉਸ ਦੇ ਆਪੇ ਦੀ ਝਲਕ ਉਸ ਵਿੱਚ ਲਾਜ਼ਮੀ ਤੌਰ ਤੇ ਹੁੰਦੀ ਹੈ। ਅੰਮ੍ਰਿਤਾ ਦੀ ਕਵਿਤਾ ਨੂੰ ਮੈਂ ਜਿਥੋਂ ਤਕ ਪੜ੍ਹਿਆ ਹੈ, ਇਹ ਝਲਕ ਉਸ ਦੀ ਕਵਿਤਾ ਵਿਚ ਬੜੇ ਨਿਖਰਵੇਂ ਰੂਪ ਵਿਚ ਪਾਈ ਜਾਂਦੀ ਹੈ। ਇਸਤਰੀ-ਹਿਰਦੇ ਦਾ ਅਨੁਭਵ ਜਿਤਨਾ ਅੰਮ੍ਰਿਤਾ ਨੂੰ ਹੈ ਉਤਨਾ ਮੋਹਣ ਸਿੰਘ ਜਾਂ ਕਿਸੇ ਹੋਰ ਪੰਜਾਬੀ-ਕਵੀ ਨੂੰ ਨਹੀਂ। ਇਕ ਇਸਤਰੀ ਹੋਣ ਕਰਕੇ ਅੰਮ੍ਰਿਤਾ ਜਿਤਨੀ ਲੋਕ-ਗੀਤਾਂ ਦੇ ਖ਼ਾਸ ਕਰਕੇ ਇਸਤ੍ਰੀ-ਗੀਤਾਂ, ਦੇ ਨੇੜੇ ਹੈ, ਉਤਨਾ ਮੋਹਨ ਸਿੰਘ ਨਹੀਂ। ਇਸੇ ਕਰਕੇ ਅੰਮ੍ਰਿਤਾ ਲੋਕ-ਗੀਤਾਂ ਦੇ ਆਧਾਰ ਤੇ ਇਸਤ੍ਰੀ-ਜੀਵਨ-ਚਿਤ੍ਰਨ ਵਿਚ ਵਧੇਰੇ ਸਫਲ ਹੋਈ ਹੈ। ਉਹ ਇਸ ਸਚਾਈ ਤੋਂ ਮੁਨਕਰ ਨਹੀਂ ਕਿ 'ਲੋਕ-ਗੀਤਾਂ ਦੇ ਨਿਤਰੇ ਹੋਏ ਪਾਣੀਆਂ ਵਿਚੋਂ ਮੈਂ ਬੁੱਕਾਂ ਭਰੀਆਂ ਹਨ।' (ਪੰਜਾਬ ਦੀ ਆਵਾਜ਼, ਸਫ਼ਾ ੧੦) ਪਰ ਇਹ ਬੁੱਕਾਂ ਕਿਵੇਂ ਭਰੀਆਂ ਇਸ ਸਬੰਧ ਵਿਚ ਉਸ ਦੀਆਂ ਪੰਜਾਬ ਦੇ ਲੋਕ-ਨਾਚ, ਆਦਿ ਦੀ ਤਰਜ਼ ਤੇ ਲਿਖੀਆਂ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ ਤੇ ਇਸਤਰੀ-ਜੀਵਨ ਨੂੰ ਉਸ ਨੇ ਕਿਵੇਂ ਚਿਤ੍ਰਿਆ ਹੈ ਇਸ ਸਬੰਧ ਵਿਚ ਉਸ ਦੀ ਕਵਿਤਾ 'ਅਜ ਆਖਾਂ ਵਾਰਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ' ਇਕ ਬੜਾ ਚੰਗਾ ਤੇ ਸਜੀਵ ਉਦਾਹਰਣ ਹੈ।

ਮਨੋਭਾਵ ਕਵਿਤਾ ਦੇ ਮੁਖ ਅੰਗ ਹਨ ਜੋ ਦਿਲ ਤੋਂ ਆਪ ਮੁਹਾਰੇ ਉਪਜਦੇ ਤੇ ਸ਼ਬਦ—ਚਿਤ੍ਰ ਬਣ ਕੇ ਰੂਪਮਾਨ ਹੁੰਦੇ ਹਨ। ਇਹ ਮਨੋਭਾਵ ਮਨੋਵਿਗਿਆਨਕ ਤਾਂ ਬੇਸ਼ਕ ਹੋਣ, ਪਰ ਦਰਸ਼ਨ ਜਾਂ ਫਿਲਾਸਫੀ ਦੇ ਰੂਪ ਵਿਚ ਦਿਮਾਗ਼-ਸੋਜ਼ੀ ਕਰਨ ਵਾਲੇ ਹਰਗਿਜ਼ ਨਹੀਂ ਹੋਣੇ ਚਾਹੀਦੇ, ਕਿਉਂਕਿ ਕਵਿਤਾ ਦਿਲ ਦੀ ਚੀਜ਼ ਹੈ, ਦਿਮਾਗ਼ ਦੀ ਚੀਜ਼ ਨਹੀਂ। ਦਿਮਾਗ਼ ਦੀ ਚੀਜ਼ ਹੈ ਫਿਲਾਸਫ਼ੀ। ਅੰਮ੍ਰਿਤਾ ਮਨੁੱਖੀ ਮਨੋਭਾਵਾਂ ਦਾ ਚਿਤ੍ਰਣ ਕਿਸਰ੍ਹਤਾਂ ਕਰਦੀ ਹੈ, ਇਸ ਦਾ ਪਤਾ ਉਸ ਦੇ ਤਾਜ਼ੇ ਕਾਵਿ-ਸੰਗ੍ਰਹ 'ਸੁਨੇਹੁੜੇ' ਤੇ 'ਅਸ਼ੋਕਾ ਚੇਤੀ' ਪੜ੍ਹਨ

ਤੇ ਲਗਦਾ ਹੈ :–

'ਮੈਂ ਗੀਤ ਲਿਖਦੀ ਹਾਂ
ਮੇਰੀ ਮੁਹੱਬਤ ਸੁਪਨਿਆਂ ਦੇ
ਲੱਖ ਪੱਲੇ ਓਢਦੀ
ਸੱਤੇ ਆਕਾਸ਼ ਫੋਲ ਕੇ
ਤੇਰੀ ਦਹਲੀਜ਼ ਢੂੰਡਦੀ ;'
'ਬਣ ਜਾਏ ਆਵਾਜ਼ ਮੇਰੀ
ਅਜ ਜ਼ਮਾਨੇ ਦੀ ਆਵਾਜ਼
ਮੇਰੇ ਗ਼ਮ ਦੇ ਰਾਜ਼ ਅੰਦਰ
ਵਸ ਜਾਏ ਦੁਨੀਆ ਦਾ ਰਾਜ਼ ।'

ਤੇ ਇਸੇ 'ਇਸ਼ਕ' ਦਾ ਭੇਦ ਉਹ 'ਅਸ਼ੋਕਾ ਚੇਤੀ' ਵਿਚ ਆਈ ਕਵਿਤਾ ਵਿਚ ਇਉਂ ਖੋਲ੍ਹਦੀ ਹੈ :–

ਇਸ਼ਕ ਪੁਛੇਂਦਾ ਦਸ ਨੀ ਜਿੰਦੇ
ਕੀਕਣ ਦਿਹੁੰ ਗੁਜ਼ਾਰੇ ?
ਜਿੰਦ ਕਹੇ 'ਮੈਂ ਸੁਪਨੇ ਤੇਰੇ
ਮਹਿੰਦੀ ਨਾਲ ਸ਼ਿੰਗਾਰੇ' ।
ਇਸ਼ਕ ਪੁਛੇਂਦਾ ਦਸ ਨੀ ਜਿੰਦੇ
ਕਰਮ ਕਹੇ ਕੁ ਕੀਤੇ ?
ਜਿੰਦ ਕਹੇ 'ਤੇਰੀ ਸ਼ੌਕ ਸੁਰਾਹੀਓਂ
ਦੁੱਖਾਂ ਦੇ ਦਾਰੂ ਪੀਤੇ ।'

ਤੇ ਇਸੇ ਤਰ੍ਹਾਂ ਇਕ ਸ਼ਗਨਾਂ ਵਾਲੀ ਦਾ ਸ਼ਬਦ-ਚਿਤ੍ਰ ਵੀ ਵੇਖਣ ਜੋਗ ਹੈ :–

ਸਾਰੇ ਸ਼ਗਨ ਜ਼ਿਮੀਂ ਤੇ ਡੁੱਲ੍ਹੇ
ਦੋਵੇਂ ਤਲੀਆਂ ਖਾਲੀ ।
ਪੱਥਰ ਬਣਕੇ ਅੱਜ ਖਲੋਤੀ
ਤੇਰੇ ਸ਼ਗਨਾਂ ਵਾਲੀ ।

(ਲੰਮੀਆਂ ਵਾਟਾਂ)



ਇਵੇਂ ਜਿਵੇਂ ਅੰਮ੍ਰਿਤਾ ਉਸ ਲੋਕ-ਰਾਜ ਨੂੰ, ਜਿਸ ਦੀ ਛਤ੍ਰ ਛਾਇਆ ਹੇਠ ਸਭ ਤੰਗ-ਦਿਲੀਆਂ ਦਿਨੋ ਦਿਨ ਘਟ ਰਹੀਆਂ ਹਨ ਤੇ ਲੋਕਾਂ ਨੂੰ ਸੁਖ ਦਾ ਸਾਹ ਆਉਣ ਲੱਗ ਪਿਆ ਹੈ, ਇਨ੍ਹਾਂ ਸ਼ਬਦਾਂ ਨਾਲ ਸਲਾਹੁੰਦੀ ਹੈ :–

ਕਰਨ ਬਹਾਰਾਂ ਚੌਰੀਆਂ
ਚਾਨਣ ਧੋਵੇ ਪੈਰ
ਲੋਕ-ਰਾਜ ਦੇ ਪੁੱਤ ਦੀ
ਧਰਤੀ ਮੰਗੇ ਖ਼ੈਰ ।

(ਅਸ਼ੋਕਾ ਚੇਤੀ)

ਇਹ ਹੈ ਅੰਮ੍ਰਿਤਾ ਦੀ ਕਵਿਤਾ ਤੇ ਇਹ ਹੈ ਉਸ ਦਾ ਵਿਕਾਸ਼ ਜੋ ਪਿੰਗਲ ਦੇ ਬੰਧਨਾਂ ਵਿਚ ਨਹੀਂ, ਸਗੋਂ ਖੁਲ੍ਹਾਂ ਵਿਚ ਗੀਤ ਰੂਪ ਹੋ ਕੇ ਵਿਗਸਿਆ ਹੈ ।



# ਲੋਕ-ਕਵਿਤ੍ਰੀ ਅੰਮ੍ਰਿਤਾ

ਅੰਮ੍ਰਿਤਾ, ਪੰਜਾਬ ਨੂੰ ਤੇ ਪੰਜਾਬੀ ਸਾਹਿਤ ਨੂੰ ਉਹ ਵਡਮੁੱਲੀ ਦੇਣ ਹੈ, ਜਿਸ ਦੀ ਕਦਰ ਤੇ ਕੀਮਤ ਕਿਸੇ ਸਮੇਂ ਕਿਸੇ ਜੁਗ ਵਿਚ ਵੀ ਘੱਟ ਨਹੀਂ ਹੋ ਸਕਦੀ। ਮਾਂ ਧਰਤੀ ਵਾਂਙ ਹੀ ਪੰਜਾਬ ਦੀ ਇਹ ਸੁਘੜ, ਸੁਯੋਗ ਤੇ ਸਿਆਣੀ ਬੱਚੀ ਉਮਰ ਦੇ ਪੱਖੋਂ ਜਿਉਂ-ਜਿਉਂ ਵਧਦੀ ਜਾ ਰਹੀ ਹੈ, ਵਡੇਰੀ ਹੁੰਦੀ ਜਾ ਰਹੀ ਹੈ, ਤਿਉਂ ਤਿਉਂ ਇਸ ਦੀ ਕਦਰ ਤੇ ਕੀਮਤ ਵੀ ਵਧ ਰਹੀ ਹੈ। ਉਸ ਦੀ ਦਿਲ-ਧੜਕਣ ਮਹਿਸੂਸਦਾ ਹੋਇਆ, ਕੇਰਲ ਪ੍ਰਦੇਸ਼ ਦਾ ਮਹਾਂ ਕਵੀ ਸ਼ੰਕ੍ਰਾ ਕਰੁਪ ਉਚੇਚੀ ਤਾਂਘ ਨਾਲ ਕਹਿੰਦਾ ਹੈ :—

'ਸਾਹਿਤ ਵਿਚ ਲੋਕਾਂ ਦਾ ਦਿਲ ਧੜਕਦਾ ਹੈ। ਅਸੀਂ ਭਾਰਤ-ਵਾਸੀਂ ਵੱਖੋ ਵੱਖ ਜ਼ਬਾਨਾਂ ਵਿਚ ਵੰਡੇ ਹੋਏ ਹਾਂ, ਇਸ ਲਈ ਇਕ ਦੂਜੇ ਦੀ ਪੂਰੀ ਦਿਲ-ਧੜਕਣ ਨਹੀਂ ਸੁਣ ਸਕਦੇ, ਅਸੀਂ ਛੋਟੇ ਛੋਟੇ ਦਿਲਾਂ ਵਿਚ ਜੀ ਰਹੇ ਹਾਂ, ਆਓ! ਵਡਾ ਤੇ ਸਾਂਝਾ ਦਿਲ ਕਰਨ ਦੀ ਵਾਹ ਲਾਈਏ।'

ਇਹ ਸ਼ਬਦ ਸਨ ਦੱਖਣ ਭਾਰਤ ਦੇ ਇਕ ਕਵੀ ਦੇ ਜਿਸ ਨੇ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰ ਰਹੀ ਅੰਮ੍ਰਿਤਾ ਲਈ ਕੇਰਲਾ ਸਾਹਿਤ-ਪਰਿਸ਼ਦ ਦੀ ਪੰਝੀਵੀਂ ਇਕੱਤ੍ਰਤਾ (੧੩ ਤੋਂ ੧੮ ਮਈ ੧੯੫੬) ਸਮੇਂ ਕਹੇ ਸਨ।

ਸਾਨੂੰ ਤੇ ਉਸ ਦੀ ਇਕ ਸਾਥਣ ਕਵਿਤ੍ਰੀ (ਤੇਜਿੰਦਰ ਕੌਰ ਆਦਰਸ਼) ਦਾ ਇਹ ਅਸ਼ੀਰਵਾਦਾਤਮਕ ਭਵਿਖਤ ਵਾਕ ਸਫਲ ਤੇ ਸਾਕਾਰ ਹੁੰਦਾ ਹੋਇਆ ਨਜ਼ਰ ਆ ਰਿਹਾ ਹੈ :—

'ਪੰਜਾਂ ਪਾਣੀਆਂ ਦੀ ਹਿੱਕ ਵਿਚ
ਅਜ ਗੂੰਜ ਰਹੀ ਤੇਰੀ ਆਵਾਜ਼
ਗੀਤਾਂ ਵਾਲੀਏ! ਬਣੀ ਤੂੰ
ਅਜ ਸਾਰੇ ਦੇਸ਼ ਦਾ ਨਾਜ਼।'

ਅੰਮ੍ਰਿਤਾ ਸਚਮੁਚ ਹੀ ਅਜ ਪੰਜਾਬ ਦਾ ਨਾਜ਼ ਹੈ, ਪੰਜਾਬੀ ਸਾਹਿਤ ਦਾ ਮਾਣ ਹੈ। ਕੋਮਲ ਭਾਵਾਂ ਦੇ ਕਦਰਦਾਨ ਸੁਹਿਰਦ, ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਹਿਮਾਲੇ ਦੀ ਚਟਾਨ ਜਿਹੀ ਦ੍ਰਿੜ੍ਹਤਾ ਨਾਲ ਕਿਹਾ ਸੀ :—

'ਅੰਮ੍ਰਿਤਾ ਪ੍ਰੀਤਮ ਪੰਜਾਬ ਦੀ ਜ਼ਬਾਨ ਹੈ।'

ਕਿਉਂਕਿ ਉਸਦੇ ਗੀਤਾਂ ਵਿਚ ਪੰਜਾਬ ਦਾ, ਪੰਜਾਬ ਦੀ ਵੇਦਨਾ ਤੇ ਪੰਜਾਬ ਦੀ ਲੋਕ-ਪੀੜਾ ਦਾ ਦਿਲ ਧੜਕਦਾ ਹੈ। ਸੁਖਦੇਵ ਸਿੰਘ ਗਹਿਵਾਲ ਕਹਿੰਦਾ ਹੈ :—

'ਜਨਮ ਤੇਰੇ ਮੁਢ ਬੰਨ੍ਹਿਆਂ
ਇਕ ਨਵੇਂ ਹੀ ਬਾਬ ਦਾ
ਧੜਕਦਾ ਗੀਤਾਂ 'ਚ ਤੇਰੇ
ਦਿਲ ਮੇਰੇ ਪੰਜਾਬ ਦਾ।'

ਅੰਮ੍ਰਿਤਾ ਦੇ ਗੀਤਾਂ ਵਿਚ ਕੇਵਲ ਪੰਜਾਬ ਦਾ ਹੀ ਦਿਲ ਧੜਕਦਾ ਹੈ, ਇਹ ਗੱਲ ਨਹੀਂ ਉਸ ਦੀ ਤੇ ਸਗੋਂ ਸੰਸਾਰ-ਵਿਆਪੀ ਵੇਦਨਾ ਦੀ ਧੜਕਣ ਨਾਲ ਸਾਂਝ-ਭਿਆਲੀ ਜਾਪਦੀ ਹੈ, ਉਸ ਦੇ ਗੀਤਾਂ ਵਿਚ, ਜਾਂ ਉਸ ਦੇ ਸਮੁੱਚੇ ਕਲਾਮ ਵਿਚ, ਇਕੱਲੇ ਪੰਜਾਬ ਦੀ ਹੀ ਤਰਜਮਾਨੀ ਨਹੀਂ ਉਹ ਤੇ ਸਾਰੇ ਵਿਸ਼ਵ ਦੇ ਗੁੰਗੇ ਮਾਨਵ-ਸਮਾਜ ਦੀ ਜ਼ਬਾਨ ਬਣ ਕੇ ਬੋਲਦੀ ਹੈ :—

'ਉਮਰ ਭਰ ਦੀ ਆਰਜ਼ੂ ਹੈ,
ਉਮਰ ਭਰ ਦੇ ਗ਼ਮ ਦਾ ਰਾਜ਼,
ਸੋਚਦੀ ਹਾਂ ਸ਼ਾਇਦ ਕੋਈ
ਬਣ ਜਾਇ ਮੇਰੀ ਅਵਾਜ਼ਾ।'

ਉਹ ਆਪਣਾ ਇਹ ਨਿੱਜੀ ਗ਼ਮ ਵਿਸ਼ਵ-ਗ਼ਮ ਦੇ ਕਣ-ਕਣ ਵਿੱਚ ਸਮਾਵਿਸ਼ਟ ਕਰਨ ਲਈ-ਪੁਕਾਰ ਉਠਦੀ ਹੈ :–

ਬਣ ਜਾਇ ਅਵਾਜ਼ ਮੇਰੀ
ਅਜ ਜ਼ਮਾਨੇ ਦੀ ਅਵਾਜ਼
ਮੇਰੇ ਗ਼ਮ ਦੇ ਰਾਜ਼ ਅੰਦਰ
ਵਸ ਜਾਇ ਦੁਨੀਆਂ ਦਾ ਰਾਜ਼ ।'

ਇਹ ਠੀਕ ਹੈ ਕਿ ਅੰਮ੍ਰਿਤਾ ਗੀਤ ਲਿਖਦੀ ਹੈ ਪਰ ਉਹ ਗੀਤ ਲਿਖਣ ਲਈ ਹੀ ਨਹੀਂ ਲਿਖਦੀ। ਉਹ ਤੇ ਮੁਰਦਾ ਸਮਾਜ ਵਿਚ ਤਾਜ਼ਾ ਖ਼ੂਨ ਦੇ ਕੇ ਗਰਮਾਉਣ ਲਈ ਇਕ ਹੂਕ ਦੇਂਦੀ ਹੈ। ਅਜੇਹੀ ਹੂਕ ਜੋ ਇਸ ਸਮਾਜ ਵਿਚ ਉਥਲ-ਪੁਥਲ ਲਿਆਵੇ, ਜਿਸ ਵਿਚ ਜੁਆਨੀਆਂ ਮਧੋਲੀਆਂ ਜਾ ਰਹੀਆਂ ਹੋਣ; ਜਿਸ ਵਿਚ ਹੁਸਨ ਦੀ ਨੀਲਾਮੀ ਬੋਲ ਕੇ ਸੌਦਾ ਕੀਤਾ ਜਾਂਦਾ ਹੋਵੇ ਉਹ ਰੱਬ ਅੱਗੇ ਅਰਦਾਸ ਕਰਦੀ, ਤਰਲਾ ਕਰਦੀ ਹੈ ਕਿ ਰੱਬ ਜੀ :–

'ਫਿਰ ਕਣਕ ਦੇ ਪਾਲਕਾਂ ਨੂੰ
ਲਾਮ ਨਾ ਸੱਦੇ ਕੋਈ
ਫਿਰ ਜਵਾਨੀ ਉਠਦੀ ਨੂੰ
ਪੈਰ ਨਾ ਮਿੱਧੇ ਕੋਈ
ਧਰਤਿ ਅੰਬਰ ਸਾੜਨੀ
ਫਿਰ ਅੱਗ ਨਾ ਭੜਕੇ ਕੋਈ
ਫੇਰ ਚੋਪੇ ਦਾਣਿਆਂ ਤੇ
ਜ਼ਹਿਰ ਨਾ ਛਿੜਕੇ ਕੋਈ।
ਕਤਲਗਾਹਾਂ ਦੀ ਕਹਾਣੀ
ਫਿਰ ਕੋਈ ਦੋਹਰਾਇ ਨਾ
ਫਿਰ ਕਿਸੇ ਦਾ ਹੁਸਨ ਮੰਡੀ
ਵਿਚ ਬੁਲਾਇਆ ਜਾਇ ਨਾ।'



ਲੋਕ-ਕਵਿਤ੍ਰੀ ੧੯੪੨ ਵਿਚ ਜਦ ਚੀਨ ਤੇ ਬੰਗਾਲ ਆਦਿ ਨੂੰ ਰੋਟੀਓਂ ਵਿਲਕਣੀਆਂ ਲੈਂਦਿਆਂ ਵੇਖਦੀ ਹੈ ਤਦ ਬਿਹਬਲ ਹੋ ਕੇ ਆਂਹਦੀ ਹੈ:–

ਮੂਧੇ ਪਏ ਮਿਰਦੰਗ ਅਜ
ਬੰਬ ਦੇ ਧੱਕਿਆਂ ਨਾਲ
ਇਕ ਜੰਗ ਇਕ ਕਾਲ
ਅਜ ਸੰਦਲੀ ਜ਼ੁਲਫ਼ਾਂ ਵਿਕ ਗਈਆਂ
ਇਕ ਰੋਟੀ ਦੇ ਮੁਲ ਤੋਂ
ਤੇ ਹਮਲਾਵਰ ਜਬਰ ਤੋਂ
ਜ਼ਖਮੀ ਰੋਵੇ ਚੀਨ ਅਜ
ਤੇ ਭੁਖਾ ਰੋਇ ਬੰਗਾਲ।

ਬਸ! ਮਾਨਵ ਦੀ ਇਹ ਭੁਖ ਉਸ ਨੂੰ ਬੇਜ਼ਾਰ ਕਰ ਦਿੰਦੀ ਹੈ। ਇਸੇ ਲਈ ਉਹ ਇਨ੍ਹਾਂ ਸਮਾਜਕ ਨਿਜ਼ਾਮਾਂ ਤੋਂ, ਅਜ਼ਾਦੀ ਨਾਲ ਪਰਵਾਜ਼ ਕਰ ਜਾਣਾ ਚਾਹੁੰਦੀ ਹੈ। ਅਜੇਹਾ ਦ੍ਰਿਸ਼ ਉਹ ਨਹੀਂ ਵੇਖਣਾ ਪਸੰਦ ਕਰਦੀ :–

ਜਿਥੇ ਮਿਹਨਤ ਸੌਂਦੀ ਭੁਖਿਆਂ
ਤੇ ਵਿਹਲ ਸੌਣੇ ਵਿਚਕਾਰ
ਜਿਥੇ ਅਜ ਵੀ, ਵਾਜ ਦੇ ਮੂੰਹ ਤੇ
ਸੰਗੀਨਾਂ ਪਹਿਰੇਦਾਰ।

ਜਿੰਨਾਂ ਚਿਰ ਰੋਟੀ ਨਾ ਛਿੜ ਪਏ, ਉੱਨਾਂ ਚਿਰ ਕਾਹਦੀ ਕਲਾ ਤੇ ਕਾਹਦੀ ਕਲਾਕਾਰੀ। ਜਾਪਦਾ ਹੈ ਜਿਵੇਂ ਇਹ ਰਾਹ ਉਸ ਆਪ ਵੀ ਡਿਠੇ ਨੇ, ਅਤੇ ਆਪ ਵੀ ਇਸ ਭੁਖ ਦੇ ਦੁਖ ਦਾ 'ਸੁਆਦ' ਮਾਣਿਆ ਹੈ। ਜੇ ਇਹ ਨਾ ਹੁੰਦਾ ਤਦ ਉਸ ਦੀ ਇਸ ਹੇਕ ਵਿਚ ਏਨਾ ਦਰਦ ਤੇ ਸੋਜ਼ ਕਦੀ ਨਾ ਹੁੰਦਾ। ਉਹ ਵੀ ਜ਼ਾਰ ਰੂਸ ਦੀ ਉਸ ਬੇਗ਼ਮ ਵਾਂਙ ਹੀ ਜਵਾਬ ਦੇਂਦੀ ਜਿਵੇਂ ਉਸ ਰੋਟੀ ਮੰਗਣ ਆਏ ਇਕ ਭੁਖਿਆਂ ਦੇ ਜਲੂਸ ਨੂੰ ਰਾਜ-

ਮਹੱਲ ਦੇ ਛੱਜੇ ਦੀ ਅਟਾਰੀ ਤੇ ਖਲੋ ਕੇ ਕਿਹਾ ਸੀ ਕਿ ਜੇ ਰੋਟੀ ਨਹੀਂ ਮਿਲ ਰਹੀ ਤਦ ਕੇਕ ਖਾ ਕੇ ਗੁਜ਼ਾਰਾ ਕਰ ਲਿਆ ਕਰੋ।' ਉਹ ਜੋ ਕੁਝ ਕਹਿੰਦੀ ਹੈ, ਬਹੁਤਾ ਕੁਝ ਸਵੈ-ਅਨਭੂਤੀ ਦੇ ਅਧਾਰ ਤੇ ਹੀ ਆਖਦੀ ਹੈ:—

ਮੇਰੇ ਕਲਾਕਾਰ,
ਤੇ ਮੈਨੂੰ ਇਹ ਵੀ ਪਤਾ ਏ
ਤੇਰੇ ਪੰਜ ਤੱਤ ਦੇ ਸਰੀਰ ਨੂੰ
ਤੇਰੇ ਹੱਡ ਮਾਸ ਦੇ ਪਿੰਜਰ ਨੂੰ
ਤੇਰੀਆਂ ਆਂਦਰਾਂ, ਤੇਰੇ ਖੂਨ ਨੂੰ,
ਰੋਟੀ ਵੀ ਚਾਹੀਦੀ ਹੈ।

ਉਹ ਉਨ੍ਹਾਂ ਕਲਾਕਾਰਾਂ ਵਿਚੋਂ ਨਹੀਂ ਜੋ ਮਨ-ਬਹਿਲਾਵੇ ਲਈ ਜਾਂ ਦਿਮਾਗੀ-ਅੱਯਾਸ਼ੀ ਲਈ ਕਲਾ ਦਾ ਸਿਰਜਣ ਕਰਦੇ ਹਨ। ਉਹ ਸੁਪਨਿਆਂ ਦੇ ਨੂਰ ਨੂੰ ਕਲਾਵਿਆਂ ਵਿਚ ਭਰਨ ਲਈ ਨਹੀਂ ਨੱਸਦੀ ਤੇ ਨਾ ਹੀ ਉਹ ਰਹੱਸਵਾਦ ਦੇ ਪ੍ਰਛਾਵਿਆਂ ਨੂੰ ਛੋਹਣ ਲਈ ਉਤਾਵਲੀ ਹੈ। ਉਹ ਪ੍ਰਤੱਖ ਜਾਂ ਯਥਾਰਥਵਾਦੀ ਕਵੀ ਹੈ।

ਜਦ ਸਾਮਰਾਜੀ ਮਾਦਰੀ ਦਰਿੰਦਿਆਂ ਦੀ ਸ਼ਹਿ ਨਾਲ ਮਜ਼੍ਹਬੀ ਜਨੂੰਨ ਅੱਤ ਦੀ ਸੀਮਾਂ ਤੇ ਪੁਜਿਆ, ਤਾਂ ਕਵਿੱਤ੍ਰੀ ਦਾ ਕੋਮਲ-ਦਿਲ ਸਹਿ ਨਾ ਸਕਿਆ। ਉਹ ਪੰਜਾਬ, ਜਿੱਥੇ ਹਿੰਦੂ ਤੇ ਮੁਸਲਮਾਨ ਸਦੀਆਂ ਤੋਂ ਭਰਾਵਾਂ ਵਾਂਙ ਵਸਦੇ ਸਨ, 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉਤੇ ਅਫ਼ਾਤ ਆਈ।' ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਇਹ ਬਾਹਰੋਂ ਆਈ ਅਫ਼ਾਤ ਨੇ ਇਕ ਦੂਜੇ ਨੂੰ ਇਕ ਦੂਜੇ ਦੇ ਖ਼ੂਨ ਦਾ ਪਿਆਸਾ ਬਣਾ ਦਿੱਤਾ। ਇਨ੍ਹਾਂ ਨੂੰ ਝੱਲਿਆਂ ਹਾਰ ਕਰਮ ਕਰਦਿਆਂ ਵੇਖ ਉਸ ਡੂੰਘਾ ਹੌਕਾ ਭਰਦਿਆਂ ਕਿਹਾ :—

ਜ਼ੋਰ ਜਬਰ ਦੀ ਹੱਦ ਵੇ, ਅੱਤਾਂ ਦੀ ਭਰਮਾਰ
ਏਥੇ ਵਿਕਿਆ ਧਰਮ ਈਮਾਨ ਵੇ



ਏਥੇ ਵਿਕੀ ਦੇਸ਼ ਦੀ ਨਾਰ।

ਜਿਨ੍ਹਾਂ ਦੇ ਧਰਮ-ਪੁਸਤਕਾਂ ਵਿਚ ਏਕਤਾ ਤੇ ਪਿਆਰ ਦੀ ਸਾਂਝ ਹੋਵੇ, ਜਿਨ੍ਹਾਂ ਦੇ ਪੀਰ ਫ਼ਕੀਰ ਅਣਵੰਡਵੇਂ ਹੋਣ, ਜਿਨ੍ਹਾਂ ਦੇ ਸਖੀ ਸਰਵਰ ਸਭਨਾਂ ਨੂੰ ਇਕੋ ਜਿਹੀਆਂ ਮੁਰਾਦਾਂ ਦੇ ਕੇ ਝੋਲੀਆਂ ਭਰ ਦਿੰਦੇ ਹੋਣ, ਜਿਸ ਦੇ ਪਾਣੀ ਦੀ ਤਾਸੀਰ ਦੇ ਅਸਰ ਹੇਠ ਪ੍ਰਭਾਵਤ ਬੁਤਸ਼ਿਕਨ ਕੌਮ ਦਾ ਬਾਦਸ਼ਾਹ, ਜੁਆਲਾ ਜੀ ਦੇ ਮੰਦਰ ਵਿਚ ਰਖੇ ਬੁੱਤ ਨੂੰ ਨਾ ਕੇਵਲ ਤਮਾਸ਼ਬੀਨੀ ਜਾਂ ਪ੍ਰਾਕ੍ਰਿਤਕ ਦ੍ਰਿਸ਼ ਦੇ ਖ਼ਿਆਲ ਨਾਲ ਤੱਕਣ ਹੀ ਗਿਆ ਹੋਵੇ, ਸਗੋਂ 'ਨੰਗੇ ਨੰਗੇ ਪੈਰੀਂ ਦੇਵਾ ਅਕਬਰ ਆਇਆ, ਸੋਨੇ ਦਾ ਛਤਰ ਚੜ੍ਹਾਇਆ ਦੇਵਾ ਰਾਣੀਏ' ਅਨੁਸਾਰ ਉਸ ਸ਼ਰਧਾ ਭਗਤੀ ਦਰਸਾਈ ਹੋਵੇ, ਜਿਸ ਦੇ ਬੁਲ੍ਹੇ ਤੇ ਵਾਰਸ ਨੂੰ ਦੋਵੇਂ ਹੀ ਅਜ ਤੀਕ ਆਪਣਾ ਵਾਰਸ ਸਮਝਦੇ ਰਹੇ ਹੋਣ, ਅਜੇਹੇ ਪੰਜਾਬ ਵਿਚ ਜ਼ੁਲਮ ਦੀ ਇਸ ਕਾਂਗ ਨੂੰ ਇੰਞ ਸਿਰੋਂ ਉਪਰ ਲੰਘਦੀ ਵੇਖ, ਅੰਮ੍ਰਿਤਾ ਦੀ ਰੂਹ ਕਬਰਾਂ ਵਿਚ ਪਏ ਵਾਰਸ ਨੂੰ ਕੂਕਾਂ ਮਾਰ ਕੁਰਲਾ ਉਠੀ:—

'ਅੱਜ ਆਖਾਂ ਵਾਰਸਸ਼ਾਹ ਨੂੰ
ਤੂੰ ਕਬਰਾਂ ਵਿਚੋਂ ਬੋਲ।'

ਕਵੀ ਦੀ ਇਸ ਕੂਕ ਨੇ ਕਿਵੇਂ ਲੋਕ-ਪੀੜ ਨੂੰ ਬਿਆਨਿਆ, ਇਹ ਸਾਰੇ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਹਨ। ਇਸਤਰੀ-ਜੀਵਨ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਵੀ ਜਿੰਨਾਂ ਅੰਮ੍ਰਿਤਾ ਨੇ ਸਮਝਿਆ ਹੈ, ਉਤਨਾ ਹੋਰ ਕੋਈ ਨਹੀਂ ਸਮਝ ਸੱਕਿਆ। 'ਕੰਨਿਆ ਦਾਨ' ਤੇ ਵਿਅੰਗ ਕਰਦੀ ਅੰਮ੍ਰਿਤਾ ਲਖਦੀ ਹੈ:—

ਰੱਤੀ ਮਹਿੰਦੀ ਨਾਲ ਲਬੇੜੀ
ਸੂਹੇ ਸਾਲੂ ਵਿਚ ਲਪੇਟੀ
ਪੀਲੇ ਸੋਨੇ ਨਾਲ ਵਲ੍ਹੇਟੀ
ਮਾਸ ਦੀ ਬੋਟੀ

ਕੁੱਖ ਦੀ ਬੇਟੀ
ਵਾਹ ਵਾਹ ਦਾਨੀ
ਵਾਹ ਵਾਹ ਦਾਤੇ
ਕਿੱਤੇ ਕਰਮ ਕਮਾਣ
ਜਿਹੜੀ ਝੋਲੀ ਤੱਕਣ
ਉਹੋ ਹੀ ਪਰਵਾਨ
ਕਰਦੇ ਜਾਂਦੇ ਦਾਨ
ਖੱਟਦੇ ਜਾਂਦੇ ਪੁੰਨ
ਗੰਗਾ ਦਾ ਇਸ਼ਨਾਨ ।

ਇਹ ਉਹ ਧਿਰਕਾਰਾਂ ਹਨ ਜੋ ਸਦੀਆਂ ਤੋਂ ਜ਼ੁਲਮ ਕਰਦੇ ਆ ਰਹੇ ਮਨੁੱਖ ਨੂੰ ਪੈ ਰਹੀਆਂ ਹਨ ਅਤੇ ਪੈ ਵੀ ਰਹੀਆਂ ਹਨ ਉਸੇ ਦੀ ਜਾਈ ਵਲੋਂ ਜਿਸ ਨੂੰ ਅਜ ਤੀਕ ਮਰਦ ਨੇ ਪੈਰ ਦੀ ਜੁੱਤੀ ਸਮਝ ਕੇ 'ਤਾੜਨ ਦੀ ਅਧਿਕਾਰਨੀ' ਦੱਸ ਕੇ ਭੰਡਿਆ ਹੈ ਤੇ ਜਿਸ ਨੂੰ ਉਹ ਚੁਪ-ਚਾਪ ਸਬਰ ਤੇ ਜ਼ਬਤ ਨਾਲ ਬ੍ਰਦਾਸ਼ਤ ਕਰਦੀ ਤੁਰੀ ਆਉਂਦੀ ਹੈ। ਉਸ ਦੇ ਦੁੱਖ ਨੂੰ ਵੇਖ ਰਾਸ਼ਟਰ ਕਵੀ ਸ੍ਰੀ ਮੈਥਲੀਸ਼ਰਨ ਗੁਪਤ ਨੇ ਧੀਰਜ ਦਿੰਦਿਆਂ ਕਿਹਾ ਹੈ :—

ਇਸਤ੍ਰੀ ਜੀਵਨ ਹਾਇ ! ਤੁਮਾਰੀ ਯਹੀ ਕਹਾਨੀ
ਆਂਚਲ ਮੇਂ ਹੈ ਦੂਧ, ਔਰ ਆਖੋਂ ਮੇਂ ਪਾਨੀ ।

ਇਸੇ ਤਰ੍ਹਾਂ 'ਮੇਰੀ ਮਾਂ ਦੀ ਕੁੱਖ ਮਜਬੂਰ ਸੀ' ਵਾਲੀ ਕਵਿਤਾ, ਕੇਵਲ ਕਵਿਤਾ ਨਹੀਂ, ਇਹ ਤੇ ਦੁਖੀ ਦਿਲ ਦੇ ਹਾਵੇ ਹਨ, ਝੋਰੇ ਹਨ ! ਇਸ ਵਿਚ ਅੰਮ੍ਰਿਤਾ ਉਹ ਕੁਝ ਕਹਿ ਗਈ ਹੈ, ਜਿਸ ਨੂੰ ਕਹਿੰਦਿਆਂ ਕਹਿੰਦਿਆਂ ਇਸਤਰੀ ਨੇ ਜੁਗ ਲੰਘਾ ਦਿੱਤੇ। ਆਖਣ ਲਈ ਸੋਚਦੀ ਰਹੀ ! ਸੋਚਦੀ ਰਹੀ !! ਪਰ ਨਾ ਆਖ ਸਕੀ, ਅੰਮ੍ਰਿਤਾ ਕਹਿੰਦੀ ਹੈ :—

ਮੇਰੀ ਮਾਂ ਦੀ ਕੁਖ ਮਜਬੂਰ ਸੀ
ਮੈਂ ਭੀ ਤਾਂ ਇਕ ਇਨਸਾਨ ਹਾਂ



ਆਜ਼ਾਦੀਆਂ ਦੀ ਟੱਕਰ ਵਿਚ
ਉਸ ਸੱਟ ਦਾ ਨਿਸ਼ਾਨ ਹਾਂ।
ਉਸ ਹਾਦਸੇ ਦਾ ਚਿੰਨ੍ਹ ਹਾਂ
ਜੋ ਮਾਂ ਮੇਰੀ ਦੇ ਮਥੇ ਉਤੇ
ਲੱਗਣਾ ਜ਼ਰੂਰ ਸੀ
ਮੇਰੀ ਮਾਂ ਦੀ ਕੁਖ ਮਜਬੂਰ ਸੀ ।
ਧਿਰਕਾਰ ਹਾਂ ਮੈਂ ਉਹ ਜਿਹੜੀ
ਇਨਸਾਨ ਉਤੇ ਪੈ ਰਹੀ
ਪੈਦਾਇਸ਼ ਹਾਂ ਉਸ ਵਕਤ ਦੀ
ਜਦ ਟੁਟ ਰਹੇ ਸੀ ਤਾਰੇ
ਜਦ ਬੁਝ ਗਿਆ ਸੀ ਸੂਰਜ
ਤੇ ਚੰਦ ਵੀ ਬੇਨੂਰ ਸੀ
ਮੇਰੀ ਮਾਂ ਦੀ ਕੁੱਖ ਮਜਬੂਰ ਸੀ ।

ਅੰਮ੍ਰਿਤਾ ਦੀ ਕਲਮ ਦਾ ਭੇਤ ਹਮਾਤੜ ਜਣਾ-ਖਣਾ ਨਹੀਂ ਪਾ ਸਕਦਾ। ਅਕਲਾਂ, ਇਸ਼ਕ ਨੂੰ ਨਹੀਂ ਛੋਹ ਸਕਦੀਆਂ। ਪਿਆਰ ਦੀ ਅਛੋਹ ਟੀਸੀ ਤੇ ਬੈਠੀ ਉਹ ਕੇਡੀ ਦ੍ਰਿੜ੍ਹਤਾ ਨਾਲ ਆਖ ਰਹੀ ਹੈ, ਇਥੇ ਆਲੋਚਕ ਦੀ ਛਿਪਕਲੀ ਨਜ਼ਰ ਤ੍ਰੇੜ ਭਾਲਣ ਵਿਚ ਸ਼ਾਇਦ ਹੀ ਕਾਮਯਾਬ ਹੋ ਸਕੇ :—

'ਮਾਣ ਮੁੱਢੋ ਇਸ਼ਕ ਦਾ ਹੈ
ਹੁਨਰ ਦਾ ਦਾਹਵਾ ਨਹੀਂ
ਕਲਮ ਦੇ ਇਸ ਭੇਤ ਨੂੰ
ਕੋਈ ਇਲਮ ਵਾਲਾ ਪਾਏਗਾ ।'

ਅੰਮ੍ਰਿਤਾ ਜਦ ਆਪਣੀ ਰਾਂਗਲੀ ਮਾਣ-ਮਤੀ ਪੰਜਾਬ ਦੀ ਧਰਤੀ ਦੀ ਦੁਰਦਸ਼ਾ ਵੇਖਦੀ ਹੈ, ਤਦ ਉਸ ਦੇ ਅੰਦਰੋਂ ਇਕ ਆਹ ਨਿਕਲਦੀ ਹੈ। ਇਹ ਆਹ ਵੀ ਕਵਿਤਾ ਦਾ ਰੂਪ ਧਾਰਨ ਕਰਦੀ

ਹੋਈ ਬੋਲ ਉਠਦੀ ਹੈ :–

ਦੂਜੇ ਨੂੰ ਜੋ ਦੇਣ ਖੁਸ਼ਾਲੀ
ਪੇਸ਼ ਉਨ੍ਹਾਂ ਦੇ ਪਈ ਕੰਗਾਲੀ
ਹਾਏ ! ਅਜ ਉਹ ਭੁਖੇ ਮਰਦੇ
ਜਿਨ੍ਹਾਂ ਦੇ ਆਪਣੇ ਪੰਜ ਆਬ
ਜੀਵਨ ਵਿਚ ਕੋਈ ਜਾਗ੍ਰਿਤਿ ਲੋੜੇ
ਸਈਓ ! ਮੇਰਾ ਦੇਸ਼ ਪੰਜਾਬ।

ਉਸ ਨੇ ਨਵੀਂ ਰੁੱਤ ਦਾ ਸੰਦੇਸ਼ ਦੇਣ ਲਈ ਤੇ ਦੇਸ਼ ਦੀ ਹੋਣੀ ਬਦਲਣ ਲਈ ਕਲਮ ਚੁੱਕੀ ਸੀ :–

ਨਵੀਂ ਰੁਤ ਦਾ ਕੋਈ ਸੰਦੇਸ਼ ਦੇਣਾ
ਇਸ ਕਾਨੀ ਦੀ ਲਾਜ ਨੂੰ ਪਾਲਣਾ ਵੇ।

ਹੁਣ ਅੰਮ੍ਰਿਤਾ ਪ੍ਰਸੰਨ ਹੈ। ਹੋਰਨਾਂ ਪੰਜਾਬੀਆਂ ਵਾਂਙ ਭਾਵੇਂ ਦੇਸ-ਵੰਡ ਸਮੇਂ ਉਸ ਵੀ ਆਪਣਾ ਬਹੁਤ ਕੁਝ ਲਾਹੌਰ ਵਿਚ ਹੀ ਗੁਆ ਲਿਆ ਹੈ ਪਰ ਉਹ ਹੁਣ ਭੁੱਲ ਚੁੱਕੀ ਹੈ ਕਿਉਂਕਿ ਨਵਾਂ ਸੰਦੇਸ਼ ਦੇਣ ਲਈ ਉਸ ਕਲਮ ਫੜੀ ਸੀ, ਉਹ ਇਕਰਾਰ ਪੂਰਾ ਹੋ ਗਿਆ ਹੈ, ਅਜ ਉਸ ਦਾ ਦੇਸ਼ ਆਜ਼ਾਦ ਹੈ :–

ਇਹ ਧਰਤੀ ਮੈਂ ਆਪੇ ਗੋਡੀ
ਇਹ ਕਣਕਾਂ ਮੈਂ ਆਪੇ ਵੰਡੀਆਂ
ਇਹ ਰੋਟੀ ਅਜ ਮੇਰੀ ਹੋਈ
ਮੇਰਾ ਹੋ ਗਿਆ 'ਛਾਤ'।

ਦੇਸ ਦੇ ਰਾਖੇ ਜਾਗ ਉਠੇ, ਗ਼ੁਲਾਮੀ ਦੇ ਨਸ਼ੇ ਦਾ ਖ਼ੁਮਾਰ ਲੱਥ ਗਿਆ। ਉਨ੍ਹਾਂ ਚਾਂਗ ਮਾਰੀ :–

ਹਾੜੀ ਵੀ ਅੱਜ ਸਾਡੀ ਹੋ ਗਈ, ਸਾਡੀ ਹੋ ਗਈ ਸੌਣੀ
ਧਰਤੀ ਬਦਲੇਗੀ ਅੱਜ ਪਾਸਾ, ਬਦਲ ਦਿਆਂਗੇ ਹੋਣੀ।

ਸੋ ਹੋਣੀ ਬਦਲ ਚੁੱਕੀ ਹੈ। ਹੱਕਾਂ ਵਾਲਿਆਂ ਨੂੰ ਹੱਕ ਮਿਲ



ਗਏ ਹਨ। ਹੁਣ ਦੌਲਤਾਂ ਆਪਣੀਆਂ ਹਨ, ਹੁਣ ਤੇ ਲਗੀਆਂ ਦੀ ਲਾਜ ਦੇ ਫ਼ਰਜ਼ ਦੀ ਪਾਲਣਾ ਹੈ, ਜੇ ਅਸੀਂ ਇਸ ਤੋਂ ਅਵੇਸਲੇ ਹੋ ਗਏ ਫਿਰ ਕੋਈ ਵੀ ਥਾਂ ਸਾਡੇ ਜੋਗੀ ਨਹੀਂ ਜੇ ਰਹਿਣੀ ਤੇ ਨਾ ਹੀ ਸਾਨੂੰ ਕਿਸੇ ਨੇ ਝੱਲਣਾ ਹੀ ਹੈ। ਇਸ ਤੋਂ ਬਾਹਲਾ ਹੋਰ ਕੀ ਹੋ ਸਕੇਗਾ।

ਇਹ ਧਰਤੀ ਅੱਜ ਲੋਕਾਂ ਜੋਗੀ
ਇਹ ਲੋਕੀ ਅਜ ਧਰਤੀ ਜੋਗੀ;
ਭਰਕੇ ਚਾੜ੍ਹ ਹਾਂਡੀਆਂ ਕੁੜੀਏ !
ਭਰਕੇ ਗੁੰਨ੍ਹ ਪਰਾਤ !

ਇਉਂ ਇਸ ਲੋਕ-ਕਵਿਤਰੀ ਨੇ ਲੋਕ-ਸ਼ਕਤੀ ਤੇ ਲੋਕ ਰਾਜ



# ਗੀਤਕਾਰ ਅੰਮ੍ਰਿਤਾ

ਜਿਵੇਂ ਕਿਸੇ ਗੱਦਕਾਰ ਦੀ ਮਹਾਨਤਾ ਦੀ ਪਰਖ ਉਸਦੇ ਨਿਬੰਧਾਂ ਤੋਂ ਕੀਤੀ ਜਾਂਦੀ ਹੈ ਤਿਵੇਂ ਕਿਸੇ ਕਵੀ ਦੀ ਮਹਾਨਤਾ ਦਾ ਨਾਪ ਉਸ ਦੇ ਗੀਤ ਹੁੰਦੇ ਹਨ। ਗੀਤ ਕਵੀ ਦੀ ਕਲਾ ਦੀ ਸਿਖਰ ਹੁੰਦੇ ਸਨ। ਗੀਤ ਅਤੇ ਸਧਾਰਨ ਕਵਿਤਾ ਵਿੱਚ ਉਹੀ ਫ਼ਰਕ ਹੁੰਦਾ ਹੈ ਜੋ ਗੂੜ੍ਹੇ ਤੇ ਹਲਕੇ ਰੰਗ ਵਿੱਚ। ਗੀਤ ਵਿੱਚ ਹੁੰਦੇ ਤਾਂ ਕਵਿਤਾ ਦੇ ਹੀ ਰੰਗ ਹਨ ਪਰ ਇਨ੍ਹਾਂ ਦੀ ਭਾ ਤੇ ਡਲ੍ਹਕ ਕਵਿਤਾ ਨਾਲੋਂ ਵਧੇਰੇ ਗੂੜ੍ਹੀ ਹੁੰਦੀ ਹੈ। ਕਵਿਤਾ ਤੇ ਗੀਤ ਰੂਪਕ ਪੱਖ ਤੋਂ ਇਕੋ ਜਿਹੇ ਹੁੰਦੇ ਹੋਏ ਵੀ ਗੁਣਾਤਮਕ ਦ੍ਰਿਸ਼ਟੀ ਤੋਂ ਅਤਿ ਸੂਖਮ ਭੇੜ ਰਖਦੇ ਹਨ। ਜਜ਼ਬਾ ਤੇ ਸੰਗੀਤ ਕਵਿਤਾ ਦੀ ਆਤਮਾ ਹਨ ਪਰ ਗੀਤ ਵਿੱਚ ਤਾਂ ਇਨ੍ਹਾਂ ਦਾ ਪਰਵਾਹ ਤੇ ਵੇਗ ਹੀ ਸਭ ਕੁਝ ਹੈ। ਕਿਸੇ ਕਾਵਿ-ਰਚਨਾ ਵਿੱਚ ਜਜ਼ਬੇ ਤੇ ਸੰਗੀਤ ਦਾ ਜਿੰਨਾ ਤੀਬਰ ਪਰਵਾਹ ਹੋਵੇਗਾ, ਉੱਨਾਂ ਹੀ ਉਹ ਰਚਨਾ ਮਹਾਨ ਗੀਤ ਦੇ ਨੇੜੇ ਹੋਵੇਗੀ।

ਅੰਮ੍ਰਿਤਾ ਪ੍ਰੀਤਮ ਜਿੱਥੇ ਇਕ ਮਹਾਨ ਕਵਿੱਤ੍ਰੀ ਹੈ, ਉਥੇ ਪੰਜਾਬੀ ਗੀਤ-ਸਾਹਿਤ ਵਿੱਚ ਵੀ ਉਸਦਾ ਸਥਾਨ ਅਦੁਤੀ ਹੈ। ਉਸ ਦੇ ਗੀਤ ਪੰਜਾਬ ਦੀ ਧਰਤੀ ਦੇ ਗੀਤ ਹਨ। ਉਨ੍ਹਾਂ ਵਿੱਚੋਂ ਇਸ ਧਰਤੀ ਦੀ ਮਹਿਕ ਆਉਂਦੀ ਹੈ। ਉਸਦੇ ਗੀਤਾਂ ਦਾ ਰਿਸ਼ਤਾ ਆਪਣੀ ਧਰਤੀ ਨਾਲ ਇੰਨਾ ਗੂੜ੍ਹਾ ਹੈ ਕਿ ਉਹ ਆਪਣੇ ਗੀਤਾਂ ਨੂੰ 'ਧਰਤੀ ਦੇ ਜਾਏ' ਕਹਿੰਦੀ ਹੈ। ਉਸ ਦੇ ਗੀਤਾਂ ਵਿੱਚੋਂ ਪੰਜਾਬ ਦੇ ਸਭਿਆਚਾਰਕ ਜੀਵਨ ਦੇ ਜੀਉਂਦੇ-ਜਾਗਦੇ ਚਿਤਰ ਮਿਲਦੇ ਹਨ। ਉਹ ਇੰਨੀ ਬਰੀਕੀ ਤੇ ਵਿਸਥਾਰ ਨਾਲ ਇਸ ਜੀਵਨ ਨੂੰ ਚਿਤਰਦੀ ਹੈ ਕਿ ਉਸ ਦੀਆਂ ਕਲਮ-ਛੋਹਾਂ ਨਾਲ ਇਹ ਜੀਵਨ, ਸਾਕਾਰ ਤੇ ਸੁਰਜੀਤ ਹੋ ਉਠਦਾ ਹੈ। ਉਸ ਦੇ ਗੀਤ ਪੰਜਾਬ ਦੇ ਤ੍ਰਿੰਜਣਾਂ, ਗਿਧਿਆਂ, ਝੁੰਮਰਾਂ, ਸੰਮੀ ਨਾਚਾਂ ਦੀਆਂ ਤੇ ਪੀਂਘਾਂ ਉੱਤੇ 'ਹੁਲਾਰੇ' ਖਾਂਦੀਆਂ ਨੱਢੀਆਂ ਦੀਆਂ ਤਸਵੀਰਾਂ ਸਾਡੇ ਸਾਹਮਣੇ ਲਟਕਾ ਦਿੰਦੇ ਹਨ।

ਜਦੋਂ ਅਸੀਂ ਪੀੜ੍ਹੇ ਉੱਤੇ ਬੈਠੀ ਸਹੇਲੀਆਂ ਦੀ ਸਰਦਾਰ ਹੀਰ ਨੂੰ ਤ੍ਰਿੰਜਣ ਵਿੱਚ ਹੇਠ ਲਿਖਿਆ ਗੀਤ ਗਾਉਂਦਿਆਂ ਸੁਣ ਲੈਂਦੇ ਹਾਂ ਤਾਂ ਸਾਡੀਆਂ ਅੱਖਾਂ ਸਾਹਮਣੇ ਪੰਜਾਬ ਦੇ ਰਾਂਗਲੇ ਜੀਵਨ ਦੀ ਇਕ ਝਾਕੀ ਆ ਜਾਂਦੀ ਹੈ ਅਤੇ ਕੰਨਾਂ ਵਿੱਚ ਉਸ ਦੇ ਗੀਤ ਦੀ ਮਿਠਾਸ ਤੇ ਮਾਦਕਤਾ ਘੁੱਲ ਜਾਂਦੀ ਹੈ :–

ਸ਼ਾਵਾ ਨੀ ਘੂਕਰ ਚਰਖੀ ਦੀ !  
ਵਸਦਾ ਰਹੇ ਮੇਰੀ ਅੰਮੜੀ ਦਾ ਵੇਹੜਾ  
ਜਿੱਥੇ ਪਿਪਲਾਂ ਦੀ ਛਾਂ  
ਸੱਠ ਸਹੇਲੀਆਂ ਦਾ ਜੋੜ ਤ੍ਰਿੰਞਣ,  
ਮੈਂ ਆਂਗਣ ਚਰਖਾ ਡਾਹ  
ਸ਼ਾਵਾ ਨੀ ਘੂਕਰ ਚਰਖੀ ਦੀ !

ਅੰਮ੍ਰਿਤਾ ਪ੍ਰੀਤਮ ਵਿੱਚ ਆਪਣੇ ਵਿਸ਼ੇ ਜਾਂ ਦ੍ਰਿਸ਼ ਨੂੰ ਇਕ ਅੱਖ-ਝਮੱਕੇ ਵਿੱਚ ਭਾਂਪ ਜਾਣ ਦੀ ਸ਼ਕਤੀ (Visualisation power) ਅਤਿ ਕਹਿਰਾਂ ਦੀ ਹੈ ਜਿਹੜੀ ਕਿ ਉਸ ਨੂੰ ਇਕ ਜੀਉਂਦਾ ਚਿਤਰ ਉਤਾਰਨ ਤੇ ਉਸ ਨੂੰ ਗੀਤ ਵਿੱਚ ਬੰਨ੍ਹਣ ਵਿੱਚ ਸਹਾਈ ਹੁੰਦੀ ਹੈ। ਉਹ ਇਕ ਹੁਨਰਵਾਨ ਚਿਤਰਕਾਰ ਵਾਂਗੂ ਆਪਣੇ ਬੁਰਸ਼ ਦੀਆਂ ਦੋ ਚਾਰ ਮੋਟੀਆਂ ਮੋਟੀਆਂ ਛੁਹਾਂ ਨਾਲ ਸੰਪੂਰਨ ਚਿਤਰ ਉਤਾਰ ਕੇ ਉਸ ਦੇ ਇਕ ਇਕ ਰੰਗ ਨੂੰ ਉਜਾਗਰ ਕਰ ਸਕਦੀ ਹੈ। 'ਪੀਂਘ ਝੂਟੇਂਦੀ ਮੁਟਿਆਰ' ਦਾ ਚਿਤਰ ਕਿੰਨਾ ਪ੍ਰਮਾਣੀਕ ਤੇ ਪ੍ਰਤੀਨਿਧ ਹੈ !

ਗੱਲ੍ਹ ਗੁਲਾਬੀ, ਹੋਂਠ ਉਨਾਬੀ,

ਮੱਥਾ ਲਿਸ਼ਕਾਂ ਮਾਰੇ ।
ਵੇ ਸੁਹਣੀ ਦੇ ਨੈਣ ਚਮਕਦੇ
ਜਿਉਂ ਅਸਮਾਨੀ ਤਾਰੇ ।
ਪੀਂਘ ਝੂਟੇਂਦੀ ਦੇ.........
ਕੱਦ ਸਰੂ ਦਾ ਬੂਟਾ ਤੇਰਾ,
ਝੁਕ ਝੁਕ ਖਾਏ ਹੁਲਾਰੇ,
ਲੱਕ ਤੇਰੇ ਨੂੰ ਪੀਂਘ ਦਾ ਝੂਟਾ
ਲਗਰਾਂ ਵਾਂਗ ਉਲਾਰੇ ।

ਇਥੇ ਕਮਾਲ ਇਹ ਹੈ ਕਿ ਪੀਂਘ ਦੇ ਝੂਟੇ ਦਾ ਹੁਲਾਰਾ ਪਾਠਕ ਤੇ ਸ੍ਰੋਤੇ ਦੇ ਮਨ ਨੂੰ ਵੀ ਹੁਲਾਰਾ ਦੇ ਜਾਂਦਾ ਹੈ।

ਅੰਮ੍ਰਿਤਾ ਪ੍ਰੀਤਮ ਦੇ ਇਨ੍ਹਾਂ ਗੀਤਾਂ ਵਿਚ, ਜਿਵੇਂ ਕਿ ਪਹਿਲਾਂ ਕਿਹਾ ਜਾ ਚੁਕਿਆ ਹੈ, ਪੰਜਾਬ ਦਾ ਰੋਮਾਂਟਕ ਜੀਵਨ ਨੱਚ ਉਠਦਾ ਹੈ । ਉਸ ਦੇ ਇਨ੍ਹਾਂ ਗੀਤਾਂ ਵਿਚ ਲੋਕ-ਗੀਤਾਂ ਦਾ ਸਦੀਵੀ ਸਜਰਾ-ਪਨ ਤੇ ਭੋਲੀ ਭਾਲੀ ਸਿਧ-ਪੱਧਰੀ ਪਿੰਡ ਦੀ ਜੱਟੀ ਵਾਲੀ ਸੁੰਦਰਤਾ ਹੈ। ਅਲੰਕਾਰਾਂ ਦੇ ਬੋਝ ਨਾਲ ਗੀਤ ਦਾ ਸਾਹ ਨਹੀਂ ਘੁਟੀਂਦਾ । ਇਸ ਪੱਖੋਂ ਉਹ ਪੰਜਾਬੀ ਦੇ ਸਾਰੇ ਗੀਤਕਾਰਾਂ ਵਿੱਚ ਸ਼ਿਰੋਮਣੀ ਥਾਂ ਰਖਦੀ ਹੈ । ਮੋਹਨ ਸਿੰਘ ਵੀ ਇਕ ਚੋਟੀ ਦਾ ਗੀਤਕਾਰ ਹੈ ਪਰ ਉਸ ਦੇ ਗੀਤਾਂ ਵਿਚ ਵੀ ਲੋਕ-ਗੀਤਾਂ ਦਾ ਉਹ ਰੰਗ ਨਹੀਂ ਜਿਹੜਾ ਅੰਮ੍ਰਿਤਾ ਪ੍ਰੀਤਮ ਦੇ ਇਨ੍ਹਾਂ ਗੀਤਾਂ ਵਿਚ ਹੈ। ਮੋਹਨ ਸਿੰਘ ਦੇ ਬਹੁਤੇ ਗੀਤ ਨਿੱਜੀ-ਪਿਆਰ ਦੀ ਸਫ਼ਲਤਾ ਜਾਂ ਅਸਫ਼ਲਤਾ ਦੇ ਘੇਰੇ ਵਿੱਚ ਹੀ ਰਹਿੰਦੇ ਹਨ। ਹਾਂ, ਉਸ ਦੇ ਕੁਝ ਇਕ ਗੀਤ ਜਿਵੇਂ 'ਤੱਤਾ ਤੱਤਾ ਵਾਲਾ', 'ਹਾਲੀ ਦਾ ਗੀਤ' ਤੇ 'ਸਾਡੇ ਖੂਹ ਤੇ ਵਸਦਾ ਰੱਬ ਨੀ' ਅਜੇਹੇ ਹਨ ਜਿਹੜੇ ਪੰਜਾਬ ਦੀ ਧਰਤੀ ਦੇ ਨੇੜੇ ਹਨ, ਪਰ ਇਨ੍ਹਾਂ ਵਿੱਚ ਵੀ ਲੋਕ-ਗੀਤਾਂ ਵਾਲੀ ਸਰਲਤਾ ਤੇ ਸਵਛੰਦਤਾ ਨਹੀਂ । ਅੰਮ੍ਰਿਤਾ ਦੇ ਕਈ ਗੀਤਾਂ ਤਾਂ ਲੋਕ-ਗੀਤਾਂ ਨਾਲ ਇੰਨੇ ਰਲੇ-ਮਿਲੇ ਹੋਏ ਹਨ ਕਿ ਉਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜਨਾ ਬੜਾ ਔਖਾ ਹੈ ।



ਉਦਾਹਰਨ ਵਜੋਂ ਉਸ ਦਾ 'ਤ੍ਰਿੰਞਣ' ਨਾਮੀ ਗੀਤ ਪੇਸ਼ ਕੀਤਾ ਜਾ ਸਕਦਾ ਹੈ ਜਿਸ ਵਿੱਚ ਉਸ ਨੇ ਪ੍ਰਸਿਧ ਲੋਕ-ਗੀਤ 'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ ਏ' ਅਤੇ 'ਬੇੜੀ ਦਾ ਪੂਰ, ਤ੍ਰਿੰਞਣ ਦੀਆਂ ਕੁੜੀਆਂ ਫੇਰ ਨਾ ਬੈਠਣ ਰਲਕੇ' ਨੂੰ ਆਪਣੇ 'ਤ੍ਰਿੰਞਣ' ਦੇ ਤਾਣੇ ਪੇਟੇ ਵਿੱਚ ਇਵੇਂ ਗੁੰਦ ਲਿਆ ਹੈ ਜਿਵੇਂ ਉਸ ਦੀ ਆਪਣੀ ਕੋਈ ਵੱਖਰੀ ਹੋਂਦ ਹੀ ਨਹੀਂ ਹੁੰਦੀ । ਉਸਦੇ ਗੀਤਾਂ ਦਾ ਇਹ ਗੁਣ ਉਸ ਨੂੰ ਕੇਵਲ ਪੰਜਾਬੀ ਗੀਤ-ਸਾਹਿਤ ਵਿੱਚ ਹੀ ਨਹੀਂ ਸਗੋਂ ਭਾਰਤੀ ਗੀਤ-ਸਾਹਿਤ ਵਿੱਚ ਵੀ ਬੇਜੋੜ ਬਣਾਉਂਦਾ ਹੈ।

ਹਿੰਦੀ ਦੀ ਪ੍ਰਸਿਧ ਗੀਤ-ਲੇਖਕਾ ਮਹਾਂ ਦੇਵੀ ਵਰਮਾ ਦੇ ਗੀਤ ਦਾ ਜੇ ਅੰਮ੍ਰਿਤਾ ਪ੍ਰੀਤਮ ਦੇ ਗੀਤਾਂ ਨਾਲ ਟਾਕਰਾ ਕਰੀਏ ਤਾਂ ਇਸ ਕਥਨ ਦੀ ਸਚਿਆਈ ਦਾ ਯਕੀਨ ਹੋ ਜਾਂਦਾ ਹੈ। ਮਹਾਂ ਦੇਵੀ ਵਰਮਾ ਦੇ ਗੀਤਾਂ ਵਿੱਚ ਅਸਫਲ ਤੇ ਅਤ੍ਰਿਪਤ ਪਿਆਰ ਦੀਆਂ ਟੀਸਾਂ, ਕਸਕਾਂ, ਹਉਕੇ ਤੇ ਹੰਝੂ ਹਨ। ਉਸ ਦੇ ਗੀਤਾਂ ਦਾ ਧੁਰਾ ਅਸਫਲ ਪਿਆਰ ਹੈ। ਉਹ ਆਪਣੇ ਗੀਤਾਂ ਰਾਹੀਂ ਆਪਣੀ ਹਾਰ ਨੂੰ ਜਿਤ ਵਿੱਚ ਬਦਲਣ ਦਾ ਯਤਨ ਕਰਦੀ ਹੈ। ਨਾਲੇ ਉਸ ਦੇ ਗੀਤਾਂ ਉੱਤੇ ਸੰਸਕ੍ਰਿਤ ਦੀ ਬੋਝਲ ਸ਼ਬਦਾਵਲੀ ਦਾ ਭਾਰ ਹੈ ਜਿਸ ਨੂੰ ਗੀਤ ਵਰਗੀ ਕੋਮਲ ਕਿਰਤ ਸਹਾਰ ਨਹੀਂ ਸਕਦੀ। ਇਸ ਤੋਂ ਛੁੱਟ ਉਸ ਦੇ ਗੀਤ ਵੀ ਰਹੱਸਵਾਦੀ ਵਿਚਾਰਧਾਰਾ ਦੇ ਵਿਸ਼ਾਦੀ ਤੇ ਗੰਭੀਰ ਵਾਯੂ ਮੰਡਲ ਤੋਂ ਬਚ ਨਹੀਂ ਸਕੇ। ਪਰ ਇਸ ਦੇ ਟਾਕਰੇ ਵਿੱਚ ਅੰਮ੍ਰਿਤਾ ਦੇ ਗੀਤਾਂ ਉੱਤੇ ਕਿਸੇ ਰਹੱਸਵਾਦ ਜਾਂ ਹੋਰ ਵਾਦ ਦਾ ਬੋਝ ਨਹੀਂ। ਉਸ ਦੇ ਗੀਤ ਖਿੜੀ ਕਪਾਹ ਜਿਹੇ ਹਲਕੇ-ਫੁਲਕੇ ਹਨ। ਉਸ ਦੇ ਗੀਤ ਧਰਤੀ ਨੂੰ ਛਡ ਕੇ ਅਸਮਾਨਾਂ ਵਿੱਚ ਕਿਸੇ ਕਿਆਸੀ ਪ੍ਰੀਤਮ ਨਾਲ ਕਿਸੇ ਫ਼ਰਜ਼ੀ ਪਿਆਰ ਦਾ ਰਾਗ ਨਹੀਂ ਅਲਾਪਦੇ ਸਗੋਂ ਉਸ ਦੇ ਆਪਣੇ ਇਕ ਗੀਤ ਅਨੁਸਾਰ :–

ਗੀਤ ਮੇਰੇ ਇਹ ਗੀਤ ਜ਼ਿਮੀ ਦੇ,
ਉਡਣ ਨਾ ਖੰਭਾਂ ਦੀ ਚਾਲ

ਉਡਦਿਆਂ ਦੇ ਪੱਲੇ ਅੜ ਅੜ ਜਾਂਦੇ
ਧਰਤੀ ਦੇ ਕੰਡਿਆਂ ਨਾਲ ।

ਅੰਮ੍ਰਿਤਾ ਨੇ ਕੇਵਲ 'ਜ਼ਿਮੀਂ ਦੇ ਗੀਤ' ਹੀ ਨਹੀਂ ਲਿਖੇ ਸਗੋਂ ਨਿੱਜੀ ਪਿਆਰ ਦੇ ਤੀਬਰ ਭਾਵਾਂ ਨਾਲ ਛਲਕਦੇ ਪ੍ਰੇਮ-ਗੀਤ ਵੀ ਲਿਖੇ ਹਨ। ਕਿਉਂਕਿ ਉਹ ਇਸਤਰੀ ਹੈ ਇਸ ਲਈ ਉਸ ਦੇ ਗੀਤਾਂ ਵਿੱਚੋਂ ਇਸਤਰੀ ਦੀ ਕੋਮਲਤਾ ਤੇ ਭਾਵ ਬੋਲਦੇ ਹਨ। ਉਸ ਦਾ ਪ੍ਰਸਿਧ ਗੀਤ 'ਨਿੰਮ੍ਹੀ ਨਿੰਮ੍ਹੀ ਤਾਰਿਆਂ ਦੀ ਲੋਅ' ਇਸਤਰੀ ਦੇ ਕੋਮਲ ਭਾਵਾਂ ਦੀ ਪੂਰੀ ਪੂਰੀ ਪ੍ਰਤੀਨਿਧਤਾ ਕਰਦਾ ਹੈ, ਅਤੇ ਉਸ ਦੇ ਸੰਗਾਊ ਤੇ ਸ਼ਰਮੀਲੇ ਸੁਭਾ ਨੂੰ ਮੂਰਤੀਮਾਨ ਕਰਦਾ ਹੈ। ਭਾਰਤੀ ਨਾਰੀ, ਸਮਾਜ ਦੀਆਂ ਮਜਬੂਰੀਆਂ ਦੇ ਕਾਰਨ ਖੁਲ੍ਹਾ ਤੇ ਰੱਜਵਾਂ ਪਿਆਰ ਨਹੀਂ ਮਾਣ ਸਕਦੀ ਇਸ ਕਰਕੇ ਉਹ 'ਆਪਣੀਆਂ ਅੱਖਾਂ ਨੂੰ ਝਮਕਣ' ਤੇ 'ਕਲੇਜੇ ਨੂੰ ਧੜਕਣ' ਤੋਂ ਵਰਜਦੀ ਹੈ। ਅੰਮ੍ਰਿਤਾ ਦੇ ਇਨ੍ਹਾਂ ਪ੍ਰੇਮ-ਗੀਤਾਂ ਉੱਤੇ ਸਾਨੂੰ ਮੋਹਨ ਸਿੰਘ ਦੇ ਗੀਤਾਂ ਦਾ ਸਪਸ਼ਟ ਪ੍ਰਭਾਵ ਦਿਸਦਾ ਹੈ। ਤੁਲਨਾ ਲਈ ਮੋਹਨ ਸਿੰਘ ਦਾ 'ਅੰਬੀ ਦਾ ਬੂਟਾ' ਤੇ ਅੰਮ੍ਰਿਤਾ ਦਾ 'ਅੰਮੀ ਦਾ ਵਿਹੜਾ' ਮੇਲਣੇ ਉਚਿਤ ਹਨ। ਇਸ ਗੀਤ ਦਾ ਵਜ਼ਨ, ਤਾਲ ਤੇ ਵਿਸ਼ਾ, ਸਭੋ ਕੁਝ 'ਅੰਬੀ ਦੇ ਬੂਟੇ' ਵਾਲਾ ਹੈ।

ਅੰਮ੍ਰਿਤਾ ਪ੍ਰੀਤਮ ਦੇ ਨਵੇਂ ਗੀਤਾਂ ਦਾ ਇਕ ਸਭ ਤੋਂ ਵੱਡਾ ਗੁਣ ਉਨ੍ਹਾਂ ਦਾ ਸਮੂਹਕ ਗੀਤ ਹੋਣਾ ਹੈ। ਪੰਜਾਬੀ ਵਿੱਚ ਸਮੂਹਕ ਗੀਤ ਲਿਖਣ ਦੀ ਪ੍ਰਥਾ ਤੋਰੀ ਤਾਂ ਮੋਹਨ ਸਿੰਘ ਨੇ ਹੈ ਪਰ ਉਸ ਨੇ ਇਸ ਪ੍ਰਕਾਰ ਦੇ ਗੀਤ ਉਂਗਲਾਂ ਤੇ ਗਿਣੇ ਜਾਣ-ਜੋਗੇ ਹੀ ਲਿਖੇ ਹਨ। ਅੰਮ੍ਰਿਤਾ ਪ੍ਰੀਤਮ ਨੇ 'ਸਰਘੀ ਵੇਲਾ' ਵਿੱਚ ਪੰਜਾਬ ਦੇ ਲੋਕ-ਨਾਚਾਂ ਦੀ ਧਾਰਨਾਂ ਉੱਤੇ ਗੀਤ ਲਿਖਕੇ ਕਲਾ ਦੀਆਂ ਅਛੋਹ ਸਿਖਰਾਂ ਜਾ ਛੁਹੀਆਂ ਹਨ। ਇਹ ਗੀਤ ਪੰਜਾਬ ਦੇ ਲੋਕ-ਪ੍ਰਿਯ ਨਾਚਾਂ, ਗਿਧਿਆਂ, ਸੰਮੀ-ਨਾਚਾਂ, ਝੁੰਮਰਾਂ ਤੇ ਭੰਗੜਿਆਂ ਨਾਲ ਗਾਏ ਜਾਂਦੇ ਹਨ ਅਤੇ ਇਨ੍ਹਾਂ ਦਾ ਸਬੰਧ ਜੀਵਨ ਦੇ ਹਰ



ਪੱਖ ਨਾਲ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ 'ਪੰਜਾਬ ਦੇ ਗੀਤ ਪਿਆਰ ਦੇ ਸਪਤਕ ਉੱਤੇ ਘੁੰਮਦੇ ਹੋਏ ਵੀ ਹਮੇਸ਼ਾਂ ਸਮੇਂ ਦੀ ਆਰਥਕ, ਰਾਜਨੀਤਕ ਦਸ਼ਾ ਬਿਆਨ ਕਰਦੇ ਆਏ ਹਨ। ਮੇਰੇ ਇਨ੍ਹਾਂ ਗੀਤਾਂ ਵਿੱਚ ਵੀ ਅਜ ਦੇ ਮਜ਼ਦੂਰ ਤੇ ਕਿਸਾਨ ਦੀ ਜਦੋ–ਜਹਿਦ ਦਾ ਵਰਣਨ ਹੈ।'

ਇਨ੍ਹਾਂ ਗੀਤਾਂ ਦੀ ਅਵਾਜ਼ ਮਨੁੱਖ ਦੀ ਆਵਾਜ਼ ਹੈ। ਇਨ੍ਹਾਂ ਵਿੱਚੋਂ ਅਸੀਂ ਆਉਂਦੇ ਭਾਰਤ ਦੀ ਨਹੀਂ, ਸਮੁੱਚੇ ਹੀ ਭਵਿੱਖ ਦੀ ਝਲਕ ਵੇਖਦੇ ਹਾਂ। ਜਦੋਂ ਉਹ ਗਾਉਂਦੀ ਹੈ :–

ਚੀਣਾ ਇੰਜ ਛੜੀਂਦਾ ਹੈ !
ਮੋਹਲਾ ਇੰਜ ਮਰੀਂਦਾ ਹੈ !
ਹਾੜ੍ਹੀ ਵੀ ਅਜ ਸਾਡੀ ਹੋ ਗਈ, ਸਾਡੀ ਹੋ ਗਈ ਸੌਣੀ
ਧਰਤੀ ਬਦਲੇਗੀ ਅਜ ਪਾਸਾ, ਬਦਲ ਦਿਆਂਗੇ ਹੋਣੀ।
ਚੀਣਾ ਇੰਜ ਛੜੀਂਦਾ ਹੈ !
... ... ... ... ... ...

ਤਾਂ ਸਾਨੂੰ ਮਨੁੱਖ ਦੀ ਹੋਣੀ ਪਲਟਣ ਦਾ ਸਾਹਸ ਤੇ ਉਤਸਾਹ ਮਿਲਦਾ ਹੈ। ਇਸੇ ਤਰ੍ਹਾਂ 'ਸਾਵਣ ਦੇ ਗੀਤ' ਵਿਚੋਂ ਅਸੀਂ 'ਆਖ਼ਰਾਂ ਦੀ ਲਾਲੀ' ਵਾਲੇ ਭਵਿੱਖਤ ਦੇ ਦਰਸ਼ਨ ਕਰ ਸਕਦੇ ਹਾਂ :–

ਉੱਚੇ ਉੱਚੇ ਪਿਪਲ
ਤੇ ਲੰਮੀਆਂ ਨੇ ਟਾਹਲੀਆਂ,
ਪੀਂਘਾਂ ਵਿੱਚ ਗੋਰੀਆਂ
ਤੇ ਕੰਨਾਂ ਵਿਚ ਵਾਲੀਆਂ
... ... ... ... ... ...
ਮੋਤੀਏ ਦੇ ਫੁਲ ਨੀ ਮੈਂ
ਧਾਗੇ 'ਚ ਪਰੋ ਲਏ,
ਖੇਤਾਂ ਦੇ ਕਾਮੇ ਅਜ


ਖੇਤਾਂ ਵਾਲੇ ਹੋ ਗਏ,

... ... ... ... ... ...

'ਸੁਨੇਹੜੇ ਤੇ 'ਅਸ਼ੋਕਾ ਚੇਤੀ' ਵਿੱਚ ਉਸ ਦੇ ਅਤਿ ਉੱਤਮ ਸੱਜਰੇ ਗੀਤ ਵੇਖੇ ਜਾ ਸਕਦੇ ਹਨ। ਸੁਨੇਹੁੜੇ ਦੇ 'ਵੇ ਪਰਦੇਸੀਆ' ਨਾਂ ਦੇ ਗੀਤ ਵਿੱਚ ਉਸ ਦੇ ਸ਼ਬਦ-ਚਿਤਰਾਂ ਦੀ ਕੋਮਲਤਾ ਤੇ ਸੂਖਮਤਾ ਸਾਨੂੰ ਇਸ ਭੀੜ-ਭੜੱਕੇ, ਜ਼ੁਲਮ ਤੇ ਧੱਕੇ ਦੀ ਦੁਨੀਆਂ ਵਿਚੋਂ ਕੱਢ ਕੇ ਇਕ ਸ਼ਾਂਤਮਈ ਤੇ ਸੁਗੰਧਾਂ-ਡੋਲ੍ਹਦੇ ਵਾਯੂ ਮੰਡਲ ਵਿੱਚ ਲੈ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਗੀਤ-ਕਾਵਿ ਨੂੰ ਜਿਨ੍ਹਾਂ ਉੱਚੀਆਂ ਸਿਖ਼ਰਾਂ ਤੇ ਅਜ ਪੁਚਾ ਦਿੱਤਾ ਹੈ ਉਸ ਨੂੰ ਵੇਖਕੇ ਅਸੀਂ ਗੌਰਵ ਨਾਲ ਕਹਿ ਸਕਦੇ ਹਾਂ ਕਿ ਪੰਜਾਬੀ ਦੇ ਗੀਤ ਸੰਸਾਰ ਦੇ ਗੀਤ-ਸਾਹਿਤ ਦੀਆਂ ਸਰਬੋਤਮ ਕਿਰਤਾਂ ਦੇ ਟਾਕਰੇ ਵਿੱਚ ਖੜੇ ਹੋ ਸਕਦੇ ਹਨ ਅਤੇ ਅੰਮ੍ਰਿਤਾ ਦੀ ਇਸ ਮਹਾਨ ਦੇਣ ਨਾਲ ਪੰਜਾਬੀ ਸਾਹਿਤ ਦੀ ਝੋਲ ਭਰੀ ਗਈ ਹੈ। ਸ੍ਵਰਗਵਾਸੀ ਲਾਲਾ ਧਨੀ ਰਾਮ ਚਾਤ੍ਰਿਕ ਦੇ ਸ਼ਬਦਾਂ ਵਿੱਚ ਇਹ ਸਚਾਈ ਮੰਨਣੀ ਪੈਂਦੀ ਹੈ ਕਿ –

'ਅੰਮ੍ਰਿਤਾ ਪ੍ਰੀਤਮ ਗੀਤਾਂ ਦੀ ਬਾਦਸ਼ਾਹਣੀ ਹੈ।'





# ਨਾਵਲਕਾਰ ਅੰਮ੍ਰਿਤਾ

ਸਾਡੇ ਪੰਜਾਬੀ ਪਾਠਕ ਅੰਮ੍ਰਿਤਾ ਪ੍ਰੀਤਮ ਨੂੰ ਕੇਵਲ ਕਵਿਤ੍ਰੀ ਦੇ ਰੂਪ ਵਿਚ ਹੀ ਜਾਣਦੇ ਹਨ। ਅੰਮ੍ਰਿਤਾ ਦਾ ਕੋਈ ਨਾਵਲ ਜਾਂ ਕੋਈ ਕਹਾਣੀ ਭਾਵੇਂ ਪੜ੍ਹਨ ਦਾ ਵੀ ਉਨ੍ਹਾਂ ਨੂੰ ਅਵਸਰ ਮਿਲਿਆ ਹੋਵੇ ਤੇ ਬੇਸ਼ੱਕ ਉਸ ਦਾ ਉਨ੍ਹਾਂ ਦੇ ਹਿਰਦੇ ਤੇ ਡੂੰਘਾ ਪ੍ਰਭਾਵ ਪਿਆ ਹੋਵੇ ਫਿਰ ਵੀ ਉਹ ਅੰਮ੍ਰਿਤਾ ਪ੍ਰੀਤਮ ਨੂੰ ਕੇਵਲ ਕਵੀ ਦੇ ਰੂਪ ਵਿਚ ਵੇਖਣ ਦੇ ਆਦੀ ਹੋ ਗਏ ਹਨ। ਸ਼ਾਇਦ ਉਨ੍ਹਾਂ ਦੇ ਮਨ ਵਿਚ ਇਹ ਜਾਚਣ-ਘੋਖਣ ਦੀ ਉਤਸੁਕਤਾ ਹੀ ਕਦੇ ਨਹੀਂ ਜਾਗੀ ਕਿ ਅੰਮ੍ਰਿਤਾ ਪ੍ਰੀਤਮ ਗਲਪਕਾਰ ਕਿਹੋ ਜਹੀ ਹੈ? ਉਸ ਦੀ ਕਵਿਤਾ ਨਾਲੋਂ ਉਸਦੀ ਵਾਰਤਕ ਕਿੰਨੀ ਕੁ ਵੱਖਰੀ ਹੈ? ਕੀ ਉਸ ਦੀ ਲੇਖਣੀ ਵਿਚੋਂ ਨਿਕਲੀ ਕਵਿਤਾ ਅਤੇ ਵਾਰਤਿਕ ਨੂੰ ਇਕੋ ਛਾਬੇ ਵਿਚ ਤੋਲਿਆ ਜਾ ਸਕਦਾ ਹੈ?

ਇਹ ਜ਼ਰੂਰੀ ਨਹੀਂ ਕਿ ਇਸ ਨੁਕਤੇ ਤੇ ਸਭੇ ਰਾਵਾਂ ਸਮਾਨ ਹੋਣ, ਕਿਉਂ ਜੋ ਰਾਵਾਂ ਦੀ ਸਦਾ ਅਸਮਾਨਤਾ ਹੁੰਦੀ ਹੈ, ਪਰੰਤੂ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਅੰਮ੍ਰਿਤਾ ਪ੍ਰੀਤਮ ਦੀ ਸ਼ੈਲੀ ਵਾਰਤਕ ਵਿਚ ਵੀ ਕਾਵਿਕ ਰਸ ਬੰਨ੍ਹ ਦਿੰਦੀ ਹੈ। ਉਸ ਦੀ ਸ਼ੈਲੀ ਨਿਰੋਲ ਆਪਣੀ ਤੇ ਅਨੋਖੀ ਹੈ, ਉਸ ਦੀ ਸ਼ਬਦ-ਚੋਣ ਸੁਚੱਜੀ ਹੈ ਅਤੇ ਉਸ ਦੀ ਲੇਖਣੀ ਦੀ ਰਵਾਨੀ ਤੇ ਮੌਲਿਕਤਾ ਸ਼ਲਾਘਾਯੋਗ ਹੈ।

ਅੰਮ੍ਰਿਤਾ ਨੇ ਚਾਰ ਨਾਵਲ ਲਿਖੇ ਹਨ ੧. ਜੈ ਸ਼੍ਰੀ ੨. ਡਾਕਟਰ ਦੇਵ ੩. ਪਿੰਜਰ ੪. ਆਲ੍ਹਣਾ।

ਇਨ੍ਹਾਂ ਤੋਂ ਛੁਟ ਉਸ ਨੇ ਜੈਨੇਂਦ੍ਰ ਕੁਮਾਰ ਦੇ ਹਿੰਦੀ ਨਾਵਲ

'ਤਿਆਗ ਪੱਤ੍ਰ' ਦਾ ਅਨੁਵਾਦ ਵੀ ਕੀਤਾ ਹੈ।

ਇਹ ਚਾਰੇ ਨਾਵਲ ਅੰਮ੍ਰਿਤਾ ਪ੍ਰੀਤਮ ਦੇ ਇਕ ਸੁਘੜ ਨਾਵਲਕਾਰ ਹੋਣ ਦੇ ਸੂਚਕ ਹਨ। ਸਿਵਾਇ 'ਪਿੰਜਰ' ਦੇ ਇਨ੍ਹਾਂ ਸਾਰਿਆਂ ਨਾਵਲਾਂ ਵਿੱਚ ਲੇਖਕਾ ਨੇ ਪਿਆਰ ਦੇ ਸੂਖ਼ਮ ਵਿਸ਼ੇ ਨੂੰ ਧੁਰਾ ਬਣਾ ਕੇ ਪਿਆਰ ਦੇ ਜਜ਼ਬੇ ਨੂੰ ਵੱਖ ਵੱਖ ਜ਼ਾਵੀਏ ਤੋਂ ਪੇਸ਼ ਕੀਤਾ ਹੈ। ਪਰੰਤੂ ਉਸ ਦੇ ਇਸਤਰੀ-ਹਿਰਦੇ ਦੀ ਵੇਦਨਾ ਤੇ ਪੀੜਾ, ਹਰ ਨਾਵਲ ਵਿੱਚ, ਬਾਕੀ ਸਭ ਚੀਜ਼ਾਂ ਤੇ ਹਾਵੀ ਹੋ ਗਈ ਹੈ। ਇਸਤ੍ਰੀ ਦੀ ਮਜਬੂਰੀ, ਦੁੱਖ, ਬੇਬਸੀ, ਸਹਿਨਸ਼ੀਲਤਾ, ਕੁਰਬਾਨੀ, ਤੇ ਪਿਆਰ ਨੂੰ ਉਸ ਨੇ ਇਤਨੀ ਪ੍ਰਬੀਨਤਾ ਨਾਲ ਚਿਤਰਿਆ ਹੈ ਕਿ ਉਸ ਦੇ ਪਾਤਰ ਲੇਖਣੀ ਤੇ ਕਲਪਨਾ ਦੀਆਂ ਵਲਗਣਾਂ ਟੱਪ ਕੇ ਜਿਊਂਦੇ-ਜਾਗਦੇ ਵਿਅਕਤੀ ਹੋ ਨਿਬੜੇ ਹਨ।

ਅੰਮ੍ਰਿਤਾ ਦੇ ਨਾਵਲਾਂ ਦਾ ਸਭ ਤੋਂ ਵੱਡਾ ਗੁਣ ਹੈ ਉਨ੍ਹਾਂ ਦਾ ਕਵਿਤਾ ਵਰਗਾ ਸੰਜਮ, ਕਵਿਤਾ ਵਰਗੀ ਰਵਾਨੀ ਅਤੇ ਕਵਿਤਾ ਵਰਗੀ ਸੂਖਮਤਾ ! ਇਸ ਦੇ ਨਾਲ ਹੀ ਭਾਵੁਕਤਾ ਦੀ ਬਹੁਲਤਾ ਨੇ ਉਸ ਦੇ ਨਾਵਲਾਂ ਨੂੰ ਰੌਚਕਤਾ ਦੇ ਪੱਖੋਂ ਬੜਾ ਅਮੀਰ ਬਣਾ ਦਿੱਤਾ ਹੈ। ਨਾਵਲਾਂ ਦੀ ਗੋਂਦ ਬੜੀ ਬੱਝਵੀਂ ਅਤੇ ਕਹਾਣੀ ਦੀ ਚਾਲ ਸੁਚੱਜੀ ਹੈ ਅਤੇ ਕਿਤੇ ਕਿਤੇ ਤਾਂ ਲੇਖਕਾ ਨੇ ਇਸ ਵਿਚ ਨਾਟਕੀਅਤਾ ਭਰਪੂਰ ਉਤਸੁਕਤਾ ਉਤਪੰਨ ਕਰਨ ਵਾਲੀਆਂ ਬੁਰਸ਼-ਛੋਹਾਂ ਵੀ ਲਾਈਆਂ ਹਨ।

## ਜੈ ਸ਼ਿਰੀ—

'ਜੈ ਸ਼ਿਰੀ' ਅੰਮ੍ਰਿਤਾ ਦਾ ਸਭ ਤੋਂ ਪਹਿਲਾ ਨਾਵਲ ਹੈ। ਇਸ ਦਾ ਵਿਸ਼ਾ ਬੜਾ ਹੀ ਦਿਲਚਸਪ ਹੈ ਅਤੇ ਜਿਸ ਵਿਚ ਅੰਮ੍ਰਿਤਾ ਨੇ ਸਮੁੱਚੀ ਇਸਤਰੀ ਜਾਤੀ ਦੇ ਜਜ਼ਬਿਆਂ ਦੀ ਤਰਜਮਾਨੀ ਕੀਤੀ ਹੈ।

'ਇਸਤ੍ਰੀ ਰੁਪਏ ਨਾਲ ਖਰੀਦਿਆ ਹੋਇਆ ਪਤੀ ਨਹੀਂ ਚਾਹੁੰਦੀ। ਉਸ ਨੂੰ ਨਫ਼ਰਤ ਹੈ ਅਜੇਹੇ ਮਨੁੱਖਾਂ ਨਾਲ, ਅਜੇਹੇ



ਸਮਾਜ ਨਾਲ ਤੇ ਅਜੇਹੇ ਰਸਮ-ਰਿਵਾਜਾਂ ਨਾਲ, ਜੋ ਵਿਆਹਾਂ ਦੇ ਸੌਦੇ ਕਰਦੇ ਹਨ, ਜੋ ਇਸਤਰੀ ਦੇ ਸਵੈਮਾਨ ਨੂੰ ਰੋਲ ਕੇ, ਇਸਤਰੀ ਦੀ ਸ਼ਖਸੀਅਤ ਨੂੰ ਲਿਤਾੜ ਕੇ 'ਰਾਂਝੇ' ਨੂੰ ਸਿਰਫ ਦਾਜ ਦੇ ਛਾਬੇ ਵਿਚ ਰੱਖ ਕੇ ਤੋਲਦੇ ਹਨ।

ਪਰ ਲੜਕੀ ਆਪਣੀ ਸ਼ਖਸੀਅਤ ਨੂੰ ਕੁਚਲ਼ਦਿਆਂ ਨਹੀਂ ਵੇਖ ਸਕਦੀ। ਵਿਆਹ ਨੂੰ ਸੌਦੇਬਾਜ਼ੀ ਦੇ ਰੂਪ ਵਿਚ ਪਰਵਾਨ ਨਹੀਂ ਕਰ ਸਕਦੀ।

## ਡਾਕਟਰ ਦੇਵ—

'ਡਾਕਟਰ ਦੇਵ' ਇਕ ਅਨੋਖਾ ਪਿਆਰ-ਨਾਵਲ ਹੈ, ਜਿਸ ਦੇ ਸਾਰੇ ਮੁੱਖ ਪਾਤਰਾਂ......ਦੇਵ, ਮਮਤਾ, ਰਾਜ ਕੁਮਾਰੀ......ਨੇ ਪਿਆਰ ਸੋਮਿਆਂ ਵਿਚ ਅਜੇਹੇ ਅਸਚਰਜ ਇਸ਼ਨਾਨ ਕੀਤੇ ਹਨ ਕਿ ਉਨ੍ਹਾਂ ਦੇ ਮਨ ਵਿਚੋਂ ਤ੍ਰਿਸ਼ਨਾਂ, ਲੋਚਾ, ਚਾਹ, ਕਸਕ, ਦਰਦ, ਵਰਗੀਆਂ ਸਭੇ ਚੀਜ਼ਾਂ ਧੁਪ ਕੇ ਸਾਫ਼ ਹੋ ਗਈਆਂ ਹਨ। ਉਹ ਹਸਦੇ ਨਹੀਂ, ਉਹ ਰੋਂਦੇ ਨਹੀਂ, ਉਨ੍ਹਾਂ ਨੂੰ ਕਿਸੇ ਨਾਲ ਨਫਰਤ ਨਹੀਂ, ਘ੍ਰਿਣਾ ਨਹੀਂ, ਸ਼ਿਕਾਇਤ ਨਹੀਂ।

ਜੇ ਸਮਾਜ ਨੇ ਉਨ੍ਹਾਂ ਦੇ ਪਿਆਰ ਨੂੰ ਪੈਰਾਂ ਹੇਠ ਕੁਚਲ ਦਿਤਾ ਹੈ ਤਾਂ ਉਨ੍ਹਾਂ ਦੇ ਹੋਠਾਂ ਤੇ ਸ਼ਿਕਵਾ ਨਹੀਂ ਆਇਆ। ਜੇ ਜ਼ਿੰਦਗੀ ਦੇ ਵਾ-ਵਰੋਲਿਆਂ ਨੇ ਉਨ੍ਹਾਂ ਨੂੰ ਨਿਖੇੜ ਕੇ ਕਿਤੇ ਦਾ ਕਿਤੇ ਜਾ ਸੁੱਟਿਆ ਹੈ ਤਾਂ ਉਨ੍ਹਾਂ ਦੇ ਮੱਥੇ ਤੇ ਤਿਊੜੀਆਂ ਨਹੀਂ ਪਈਆਂ। ਉਨ੍ਹਾਂ ਨੂੰ ਹਰ ਹੋਣੀ ਬੜੇ ਜੇਰੇ ਨਾਲ ਸਹਾਰ ਲੈਣ ਵਿਚ ਹੀ ਅਨੰਦ ਆਉਂਦਾ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿਚ ਪਿਆਰ ਕਬਜ਼ਾ ਨਹੀਂ, ਕੈਦ ਨਹੀਂ, ਸ਼ਾਦੀ ਲਈ ਨਹੀਂ, ਸਗੋਂ ਰਾਜ ਕੁਮਾਰੀ ਦੇ ਸ਼ਬਦਾਂ ਵਿਚ 'ਪਿਆਰ, ਪਿਆਰ ਦੀ ਖ਼ੁਸ਼ੀ ਵਿਚ ਏ, ਖੋਹ ਲੈਣ ਵਿਚ, ਮੱਲ ਲੈਣ ਵਿਚ ਕੋਈ ਜਿੱਤ ਨਹੀਂ, ਪੰਛੀ ਕਦੇ ਪਿੰਜਰੇ ਪਏ ਨਹੀਂ ਗਾਉਂਦੇ। ਗਾਉਣਾ ਹੀ ਜ਼ਿੰਦਗੀ ਏ, ਉਡਣਾ ਹੀ ਜੀਵਨ ਏ।'

ਆਦਰਸ਼ ਤੇ ਸੁੱਚੇ ਪਾਤਰਾਂ ਦਾ ਇਹ ਨਾਵਲ 'ਹਾਰ ਗਏ ਜਗ ਜੀਤਾ' ਅਨੁਸਾਰ ਚਲਣ ਦਾ ਔਖ-ਰਸਤਾ ਦਰਸਾਉਂਦਾ ਹੈ। ਆਪਣੇ ਮਨ ਨੂੰ ਮਾਰ ਲੈਣ ਵਿਚ ਜਿਹੜੀ ਸ਼ਾਂਤੀ ਹੈ, ਤਸੱਲੀ ਹੈ, ਪੂਰਨਤਾ ਹੈ, ਇਹ ਉਸ ਦਾ ਪ੍ਰਗਟਾਵਾ ਕਰਦਾ ਹੈ।

**ਪਿੰਜਰ—**

'ਪਿੰਜਰ' ਵਿਚ ਅੰਮ੍ਰਿਤਾ ਬੇਜ਼ਬਾਨ ਇਸਤਰੀ ਦੀ ਜ਼ਬਾਨ ਬਣੀ ਹੈ। ਇਸਤਰੀ ਉਤੇ ਸਦੀਆਂ ਤੋਂ ਹੋ ਰਹੇ ਜ਼ੁਲਮਾਂ ਤੇ ਵਹਿਸ਼ਤ ਨੂੰ ਉਸ ਨੇ ਅਜੇਹੇ ਦਰਦਨਾਕ ਤਰੀਕੇ ਨਾਲ ਚਿਤਰਿਆ ਹੈ ਕਿ ਪੜ੍ਹ ਕੇ ਪੱਥਰ-ਦਿਲ ਤੋਂ ਪੱਥਰ-ਦਿਲ ਮਰਦ ਵੀ ਕਲੇਜਾ 'ਮਸੋਸ ਉਠਦਾ ਹੈ, ਕੰਬ ਖਲੋਂਦਾ ਹੈ ਤੇ ਉਸ ਦੇ ਹਿਰਦੇ ਦੀਆਂ ਘੋਰ ਡੂੰਘਾਣਾਂ ਵਿਚੋਂ ਚੀਸਾਂ ਉਠਣ ਲਗ ਪੈਂਦੀਆਂ ਹਨ।

'ਪਿੰਜਰ' ਦਾ ਅਟੰਭ ਬੜਾ ਹੀ ਕਲਾਤਮਕ ਹੈ ਅਤੇ ਕੁਝ ਹੀ ਸ਼ਬਦਾਂ ਵਿਚ ਕਾਵਿਕ-ਵੇਗ ਦੀ ਅਜੇਹੀ ਲਹਿਰ ਠਾਠਾਂ ਮਾਰਦੀ ਹੈ ਜੋ ਪਾਠਕ ਦੀ ਭਾਵੁਕਤਾ ਨੂੰ ਝੰਜੋੜ ਕੇ ਉਸ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੀ ਹੈ ਤੇ ਇਨ੍ਹਾਂ ਲਹਿਰਾਂ ਵਿਚ ਜਦ ਕਹਿਰਾਂ ਦਾ ਹੜ੍ਹ ਆ ਜਾਂਦਾ ਹੈ ਤਾਂ ਇਨ੍ਹਾਂ ਵਿਚ ਵਹਿ ਰਿਹਾ ਪਾਠਕ ਖਾਰੇ ਪਾਣੀ ਨੂੰ ਵੀ, ਜੋ ਉਸ ਦੇ ਮੂੰਹ-ਮੀਟਿਆਂ ਵੀ ਨਾਸਾਂ ਰਾਹੀਂ ਦਿਮਾਗ ਨੂੰ ਚੜ੍ਹਨ ਲਗਦਾ ਹੈ, ਗੱਚ ਭਰ ਕੇ ਪੀ ਜਾਂਦਾ ਹੈ।

**ਆਲ੍ਹਣਾ—**

'ਆਲ੍ਹਣਾ' ਵਿਚ ਅੰਮ੍ਰਿਤਾ ਨੇ ਉਨ੍ਹਾਂ ਬਦਕਿਸਮਤ ਬੱਚਿਆਂ ਵਲ ਸਾਡਾ ਧਿਆਨ ਖਿੱਚਿਆ ਹੈ ਜੋ ਲਾਵਾਰਸ ਹਨ, ਜਿਨ੍ਹਾਂ ਨੂੰ ਮਾਂ ਤੇ ਪਿਤਾ ਦਾ ਪਿਆਰ ਨਸੀਬ ਨਹੀਂ ਹੁੰਦਾ। ਜੋ ਅਨਾਥਾਲਿਆਂ ਵਿਚ ਪਲਦੇ ਹਨ। ਅਜੇਹੇ ਬੱਚੇ ਜਦ ਸਮਾਜ ਦੀ ਉਚੀ ਸ਼੍ਰੇਣੀ ਵਿਚ ਉਹ ਵੀ ਆਪਣੀ ਮੰਗ ਤੇ ਰਚਮਿਚ ਜਾਣ ਲਗਦੇ ਹਨ ਤਾਂ ਕਈ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਪਾਲਿਆ ਪੋਸਿਆ, ਪੜ੍ਹਾਇਆ ਲਿਖਾਇਆ, ਪਿਆਰ ਤੇ



ਸਨੇਹ ਦਿੱਤਾ, ਹਰ ਪਰਕਾਰ ਦੇ ਆਰਾਮ ਦਿੱਤੇ, ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ, ਕੀ ਉਨ੍ਹਾਂ ਲੋਕਾਂ ਦੀ ਇੱਛਿਆ ਹੀ ਇਨ੍ਹਾਂ ਦੀ ਇੱਛਿਆ ਹੋ ਸਕਦੀ ਹੈ? ਕੀ ਉਨ੍ਹਾਂ ਦੀ ਖੁਸ਼ੀ ਹੀ ਇਨ੍ਹਾਂ ਦੀ ਖੁਸ਼ੀ ਹੈ? ਤੇ ਇਨ੍ਹਾਂ ਦੀ ਆਪਣੀ ਸ਼ਖਸੀਅਤ? ਕੀ ਉਨ੍ਹਾਂ ਨੂੰ ਸਮਾਜ ਵਿਚ ਸਮਾਨ ਸਤਿਕਾਰ ਨਹੀਂ ਪਰਾਪਤ ਹੋ ਸਕਦਾ? ਸਮਾਨ ਹੱਕ ਨਹੀਂ ਮਿਲ ਸਕਦੇ?

ਇਹ ਨਾਵਲ ਵੱਖ ਵੱਖ ਆਲ੍ਹਣਿਆਂ, 'ਚੋਂ ਡਿੱਗ ਪਏ ਬੋਟਾਂ ਵਰਗੀਆਂ ਉਨ੍ਹਾਂ ਤਿੰਨ ਜਿੰਦਾਂ ਦੀ ਕਹਾਣੀ ਹੈ ਜੋ ਮਕੜੀ ਦੇ ਜਾਲ ਵਰਗੀਆਂ ਮੋਹ-ਤੰਦਾਂ ਦੀ ਲਪੇਟ ਵਿਚ ਆ ਗਈਆਂ ਹਨ ਤੇ ਅਜੇ ਉਨ੍ਹਾਂ ਵਿਚ ਉਡ ਸਕਣ ਦੀ, ਬਚ ਨਿਕਲਣ ਦੀ ਸਮਰੱਥਾ ਨਹੀਂ। ਤੇ ਜਦ ਉਨ੍ਹਾਂ ਜਿੰਦਾਂ ਦੇ ਖੰਭ ਉਗ ਪੈਂਦੇ ਹਨ, ਜਦ ਉਡਣ ਦੀ ਸਮਰੱਥਾ ਵੀ ਉਨ੍ਹਾਂ ਵਿਚ ਆ ਜਾਂਦੀ ਹੈ ਤਾਂ ਉਹ ਆਪਣੀ ਖੁਸ਼ੀ ਇਕ ਦੂਜੇ ਦੀ ਖੁਸ਼ੀ ਤੋਂ ਨਿਛਾਵਰ ਕਰਨ ਲਈ ਉਤਾਵਲੀਆਂ ਹੋ ਜਾਂਦੀਆਂ ਹਨ। ਇਕ ਨਰ ਹੈ ਤੇ ਦੋ ਮਾਦਾ। ਇਕ ਨਰ ਨਾਲ ਇਕ ਮਾਦਾ ਦਾ ਹੀ ਸਾਥ ਬਣਨਾ ਹੈ, ਪਰ ਜਿਸ ਨਾਲ ਉਹ ਉਡਾਰੀ ਮਾਰਨ ਲਈ ਤਿਆਰ ਹੈ ਉਹ ਸਾਥੀ ਅਗੋਂ ਆਪਣੀ ਜਿਨਸ ਦੇ ਦੂਜੇ ਸਾਥੀ ਲਈ ਕੁਰਬਾਨੀ ਵਜੋਂ ਆਪ ਪਿਛਾਂਹ ਹਟਣਾ ਚਾਹੁੰਦਾ ਹੈ ਤੇ ਏਨੇ ਨੂੰ ਵਾਵਰੋਲੇ ਆ ਜਾਂਦੇ ਹਨ ਜੋ ਉਨ੍ਹਾਂ ਨੂੰ ਨਿਖੇੜ ਕੇ ਕਿਤੇ ਦਾ ਕਿਤੇ ਜਾ ਵਗ੍ਹਾਂਦੇ ਹਨ।

ਪਿਆਰ ਵਿਚ ਭਿੱਜੇ ਹੋਏ ਇਸ ਨਾਵਲ ਦੇ ਇਹ ਤਿੰਨ ਪਾਤਰ ਤੇਜ, ਵੀਣਾ ਤੇ, ਨੀਨਾ 'ਡਾਕਟਰ ਦੇਵ' ਦੀ ਮਮਤਾ, ਰਾਜ ਕੁਮਾਰੀ ਤੇ ਦੇਵ ਨਾਲੋਂ ਭਿੰਨ ਹਨ। ਇਨ੍ਹਾਂ ਨੂੰ ਧਰਤੀ ਦੀ ਵਧੇਰੇ ਛੁਹ ਪ੍ਰਾਪਤ ਹੋਈ ਹੈ। 'ਡਾਕਟਰ ਦੇਵ' ਦੇ ਪਾਤਰ ਸੁੱਚੇ ਸੁੱਚੇ, ਉਚੇ ਉਚੇ ਹਨ। ਪਰੰਤੂ 'ਆਲ੍ਹਣੇ' ਦੇ ਪਾਤਰ ਸੁੱਚੇ ਸੁੱਚੇ ਹੁੰਦਿਆਂ ਵੀ ਧਰਤੀ ਤੋਂ ਉਚੇ ਨਹੀਂ ਉਠੇ। ਇਨ੍ਹਾਂ ਵਿਚ ਇਨਸਾਨਾਂ ਵਾਲੀਆ ਕਮਜ਼ੋਰੀਆਂ ਵੀ ਹਨ। ਇਨ੍ਹਾਂ

ਵਿਚ ਇੱਛਿਆ ਹੈ, ਲੋਚਾ ਹੈ, ਚਾਹ ਹੈ, ਵਿਲਕਣੀ ਹੈ।

**ਸ਼ੈਲੀ—**

ਅੰਮ੍ਰਿਤਾ ਦੀ ਲੇਖਣੀ ਵਿਚ ਵਗਦੇ ਪਾਣੀਆਂ ਵਾਲੀ ਰਵਾਨੀ ਹੈ। ਖਿੜੇ ਫੁੱਲਾਂ ਵਾਲੀ ਸੁੰਦਰਤਾ ਹੈ, ਅਤੇ ਕੁਦਰਤੀ ਨਜ਼ਾਰਿਆਂ ਵਾਲੀ ਅਮੀਰੀ ਹੈ। ਉਸ ਦੀ ਕਵਿਤਾ ਅਤੇ ਵਾਰਤਕ ਵਿਚ ਕੋਈ ਲੰਮੀ ਚੌੜੀ ਵਿੱਥ ਨਹੀਂ ਜਾਪਦੀ :–

'ਪੂਰੋ ਦੇ ਅੰਦਰੋਂ ਰੋਣ ਉਠਿਆ, ਉਸ ਨੂੰ ਲੱਗਾ, ਉਹਦਾ ਰੋਣ ਕੰਧਾਂ ਨੂੰ ਪਾੜ ਦੇਵੇਗਾ, ਉਹਦਾ ਰੋਣ ਖੇਤਾਂ ਨੂੰ ਚੀਰ ਜਾਏਗਾ, ਉਹਦਾ ਰੋਣ ਪਿੰਡਾਂ ਨੂੰ ਲੰਘ ਜਾਏਗਾ, ਉਹਦਾ ਰੋਣ ਸ਼ਹਿਰਾਂ ਨੂੰ ਟੱਪ ਜਾਏਗਾ, ਉਹਦਾ ਰੋਣ......'

(ਪਿੰਜਰ)

'ਨੀਨਾ ਦੇ ਮੱਥੇ ਵਿਚ, ਮੂੰਹ ਵਿਚ, ਹੱਥਾਂ ਵਿਚ, ਪੈਰਾਂ ਵਿਚ ਜਿਵੇਂ ਬਿਜਲੀਆਂ ਕੰਬ ਉਠੀਆਂ। ਬਿਜਲੀ ਉਹਦੇ ਲੂੰਆਂ ਵਿਚ ਲਿਸ਼ਕੀ। ਉਹਨੂੰ ਜਾਪਿਆ ਕਿ ਚਾਨਣ ਦਾ ਇਕ ਹੜ੍ਹ ਆ ਗਿਆ ਸੀ। ਚਾਨਣ ਉਹਦੇ ਸੱਜੇ, ਚਾਨਣ ਉਹਦੇ ਖੱਬੇ, ਤੇ ਉਹਦੀ ਆਪਣੀ ਜਿੰਦ ਵੀ ਚਾਨਣ ਵਿਚ ਹੀ ਘੁਲ ਗਈ ਸੀ।'

(ਆਲ੍ਹਣਾ)

ਇਸ ਰਵਾਨੀ ਦੇ ਨਾਲ ਨਾਲ ਅੰਮ੍ਰਿਤਾ ਨੇ ਜਿਹੜੀਆਂ ਉਪਮਾਵਾਂ ਵਰਤੀਆਂ ਹਨ ਉਹ ਉਸ ਦੀ ਸਿਰਜਨ-ਸ਼ਕਤੀ ਅਤੇ ਸੁਘੜ ਸ਼ਬਦ-ਚੋਣ ਦੀਆਂ ਸੂਚਕ ਹਨ। ਲੋਕ-ਬੋਲੀ ਅਤੇ ਲੋਕ ਸ਼ਬਦਾਂ ਨੂੰ ਉਸ ਨੇ ਖੁਲ੍ਹੇ ਦਿਲ ਨਾਲ ਵਰਤ ਕੇ ਸਾਹਿੱਤਕ ਰੰਗਣ ਦੇ ਦਿੱਤੀ ਹੈ। ਉਸ ਦਾ ਬਿਆਨ ਦਾ ਤਰੀਕਾ ਬੜਾ ਮੌਲਿਕ ਤੇ ਨਰੋਆ ਹੈ :–

'ਬੁਚੜਖ਼ਾਨੇ ਦੀਆਂ ਗਊਆਂ ਵਾਂਗਣ ਦੋਵੇਂ ਜਣੀਆਂ ਮੰਜੇ ਦੀਆਂ ਬਾਹੀਆਂ ਨਾਲ ਲਗੀਆਂ ਰਹੀਆਂ।'

'ਕੁੜੀ ਰੀਨੇ ਦੀ ਛਿੱਲੜ ਵਾਂਙਣ ਪੀਤੀ ਹੋਈ ਸੀ।'



'ਪੂਰੋ ਟੁੱਟੀ ਹੋਈ ਰੀਦਲ ਵਾਂਗ ਰਸ਼ੀਦੇ ਦੀ ਮੰਜੀ ਨਾਲ ਲੱਗੀ ਹੋਈ ਸੀ।'

'ਖੂਹ ਦੀਆਂ ਟਿੰਡਾਂ ਵਾਕੁਰ ਦਲੀਲਾਂ ਉਹਦੇ ਮਨ ਵਿਚ ਗਿੜਦੀਆਂ ਰਹੀਆਂ।'

ਉਪਰੋਕਤ ਵਾਕਾਂ ਵਿਚ ਆਮ ਬੋਲਚਾਲ ਦੇ ਸ਼ਬਦਾਂ ਦੀ ਬੜੀ ਕਲਾਤਮਕ ਵਰਤੋਂ ਕੀਤੀ ਗਈ ਹੈ ਜੋ ਸੁਭਾਵਕ ਵੀ ਹੈ ਤੇ ਮਿੱਠੀ ਵੀ ਹੈ।

ਕਈ ਵਾਕਾਂ ਵਿਚ ਅੰਮ੍ਰਿਤਾ ਨੇ ਸਹਿਜ-ਸੁਭਾ ਹੀ ਜ਼ਿੰਦਗੀ ਦੇ ਡੂੰਘੇ ਤਜਰਬਿਆਂ ਦਾ ਨਿਚੋੜ ਅਟੱਲ ਸਚਾਈਆਂ ਦੇ ਰੂਪ ਵਿਚ ਭਰ ਦਿੱਤਾ ਹੈ :–

'ਈਰਖਾ ਹਮੇਸ਼ਾਂ ਅਪਣੱਤ ਨਾਲ ਪੈਦਾ ਹੁੰਦੀ ਹੈ।'

'ਹਰ ਧੀ ਦੀ ਜਵਾਨੀ ਉਹਨੂੰ ਮਾਂ ਕੋਲੋਂ ਨਖੇੜ ਦੇਂਦੀ ਏ।'

'ਪਿਆਰ ਕਦੇ ਮੰਗ ਕੇ ਨਹੀਂ ਲਿਆ ਜਾ ਸਕਦਾ। ਮੰਗ ਖ਼ੈਰ ਲੈ ਸਕਦੀ ਹੈ, ਪਿਆਰ ਕਦੇ ਖ਼ਰਾਇਤ ਨਹੀਂ ਕੀਤਾ ਜਾਂਦਾ।'

'ਮਾਂ ਬਣਨ ਬਗ਼ੈਰ ਇਸਤਰੀ ਅਧੂਰੀ ਰਹਿੰਦੀ ਏ।'

'ਜ਼ਿੰਦਗੀ ਦੀ ਬਾਰੀ ਉਹ ਬੇਬਸੀ ਏ ਜਿਸ ਦੇ ਭਿੱਤ ਖੋਲ੍ਹਣੇ ਜਾਂ ਭੀੜਨੇ ਆਪਣੇ ਵੱਸ ਵਿਚ ਨਹੀਂ।'

ਜਦ ਅੰਮ੍ਰਿਤਾ ਕਿਸੇ ਇਸਤਰੀ-ਹਿਰਦੇ ਦੀ ਵੇਦਨਾ ਉਲੀਕ ਰਹੀ ਹੁੰਦੀ ਹੈ ਜਾਂ ਜਦ ਉਸ ਦੀ ਲੇਖਣੀ ੧੯੪੭ ਦੇ ਭਿਆਨਕ ਘੱਲੂਘਾਰੇ ਵਿਚ ਹੋਈਆਂ ਸ਼ਰਮਨਾਕ ਵਾਰਦਾਤਾਂ ਨੂੰ ਚਿਤਰਨ ਲਗਦੀ ਹੈ ਤਾਂ ਉਸ ਦੇ ਸ਼ਬਦਾਂ ਵਿਚ ਕਹਿਰਾਂ ਦਾ ਤਿੱਖਾ-ਪਣ ਆ ਜਾਂਦਾ ਹੈ। ਇੰਞ ਜਾਪਦਾ ਹੈ ਜਿਵੇਂ ਇਕ ਇਕ ਸ਼ਬਦ ਉਸ ਦੇ ਭਾਵੁਕ ਹਿਰਦੇ ਨੂੰ ਚੀਰ ਕੇ, ਉਸ ਦੇ ਲਹੂ ਵਿਚ ਭਿੱਜ ਕੇ ਨਿਕਲ ਰਿਹਾ ਹੈ ਤੇ ਉਸ ਦੀ ਆਪਣੀ ਰੂਹ ਕੁਰਲਾ ਉਠੀ ਹੈ :–

'ਰੋ! ਮਨੁੱਖ ਰੱਜ ਕੇ ਰੋ! ਆਪਣੀਆਂ ਕਰਤੂਤਾਂ ਉਤੇ ਉਮਰ ਭਰ ਰੋ।'

ਤੇ ਫੇਰ ਉਹ 'ਪਿੰਜਰ' ਦੀ ਪੂਰੋ ਦੇ ਰੂਪ ਵਿਚ ਸੋਚਦੀ ਹੈ :—

'ਕੀ ਹੁਣ ਵੀ ਇਸ ਧਰਤੀ ਵਿਚੋਂ ਕਣਕ ਦੇ ਉਸੇ ਤਰ੍ਹਾਂ ਸੁਨਹਿਰੀ ਸਿੱਟੇ ਨਿਕਲਣਗੇ, ਜਿਸ ਧਰਤੀ ਦੇ ਹੇਠਾਂ ਉਤੇ ਮਨੁੱਖਾਂ ਦਾ ਲਹੂ ਜੰਮ ਗਿਆ ਹੋਇਆ ਸੀ,......ਕੀ ਇਸ ਧਰਤੀ ਉਤੇ ਮੱਕੀ ਦੇ ਸਿੱਟਿਆਂ ਵਿਚੋਂ ਉਸੇ ਤਰ੍ਹਾਂ ਖੁਸ਼ਬੂ ਨਿਕਲੇਗੀ, ਜਿਹਦੀਆਂ ਵੱਟਾਂ ਉਤੇ ਮੁਰਦੇ ਪਏ ਸੜਦੇ ਸਨ......ਕੀ ਇਹ ਤ੍ਰੀਮਤਾਂ ਇਨ੍ਹਾਂ ਮਰਦਾਂ ਵਾਸਤੇ ਫਿਰ ਵੀ ਪੁੱਤਰ ਜੰਮਣਗੀਆਂ......?

ਡਾਕਟਰ ਦੇਵ ਨੂੰ ਸ਼ਰਮ ਆਉਂਦੀ ਹੈ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਨ ਤੋਂ। ਕਿਹੜਾ ਮੂੰਹ ਲੈ ਕੇ ਉਹ ਜ਼ਖ਼ਮੀਆਂ ਦੇ ਸਾਹਮਣੇ ਜਾਵੇ ? ਉਸਦਾ ਮੂੰਹ ਵੀ ਮਨੁੱਖ ਦੇ ਉਸੇ ਮੂੰਹ ਵਰਗਾ ਸੀ ਜਿਸ ਨੇ ਉਨ੍ਹਾਂ ਦੀਆਂ ਛਾਤੀਆਂ ਵਿਚ ਛੁਰੇ ਖੋਭੇ ਸਨ, ਉਨ੍ਹਾਂ ਦੀਆਂ ਇਸਤਰੀਆਂ ਦੀ ਪਤ ਰੋਲੀ ਸੀ......।

ਉਸ ਨੇ ਕੇਵਲ ਇਸਤਰੀ ਦੇ ਦੁੱਖ ਨੂੰ ਨਹੀਂ ਚਿਤਰਿਆ, ਕੇਵਲ ਦੇਸ਼ ਦੇ ਵੰਡਾਰੇ ਦੀਆਂ ਦਰਦਨਾਕ ਯਾਦਾਂ ਹੀ ਨਹੀਂ ਉਲੀਕੀਆਂ ਸਗੋਂ ਜੀਊਂਦੇ-ਜਾਗਦੇ ਪੰਜਾਬ ਨੂੰ ਵੀ ਆਪਣੀ ਲੇਖਣੀ ਦੇ ਫੋਕਸ ਵਿਚ ਰਖਕੇ ਇਸ ਤਰ੍ਹਾਂ ਰੂਪਮਾਨ ਕਰ ਦਿੱਤਾ ਹੈ ਕਿ ਗੁਜਰਾਤੀ ਤੇ ਮਰਾਠੀ ਵਿਚ ਉਲਥਾਏ ਗਏ ਉਸ ਦੇ ਨਾਵਲ 'ਪਿੰਜਰ' ਦੇ ਪਾਠਕ ਉਸ ਵਿਚੋਂ ਪੰਜਾਬ ਨੂੰ ਅਸਲੀ ਰੂਪ ਵਿਚ ਵੇਖ ਸਕਦੇ ਹਨ। ਪੰਜਾਬ ਦੇ ਰਸਮ ਰਿਵਾਜ, ਪੰਜਾਬੀ ਕੈਰੈਕਟਰ ਅਤੇ ਪੰਜਾਬੀਆਂ ਦਾ ਸਿੱਧਾ ਠੁੱਲ੍ਹਾ ਜੀਵਨ ਉਸ ਦੇ ਨਾਵਲਾਂ ਵਿਚੋਂ ਸਪਸ਼ਟ ਦਿਸ ਆਉਂਦਾ ਹੈ।

ਸ਼ਹਿਰੀ ਜੀਵਨ ਬਾਰੇ ਲਿਖਦਿਆਂ ਵੀ ਅੰਮ੍ਰਿਤਾ ਨੇ 'ਜੈਸ਼ਿਰੀ' ਵਿਚ ਜੁਹੂ ਤੇ ਸਮੁੰਦਰ ਕੰਢੇ ਦੇ ਸੀਨ, ਸਮੁੰਦਰ ਬਾਥ, ਕਲੱਬ ਜੀਵਨ ਅਤੇ ਬਾਲ ਰੂਮ ਡਾਂਸਿੰਗ ਨੂੰ ਬੜੇ ਕਾਵਿਮਈ ਅੰਦਾਜ਼ ਨਾਲ ਚਿਤ੍ਰਿਆ ਹੈ। ਅਖ਼ਬਾਰ ਦੇ ਦਫ਼ਤਰਾਂ ਅਤੇ ਗ਼ਰੀਬ ਬਸਤੀਆਂ ਦੇ ਚਿਤ੍ਰ ਵੀ ਉਸ ਨੇ ਕੁਝ ਹੀ ਕਲਮ ਛੁਹਾਂ ਨਾਲ



ਭਰਵੇਂ ਰੂਪ ਵਿਚ ਉਜਾਗਰ ਕਰ ਦਿੱਤੇ ਹਨ।

ਉਹ ਸਾਹਿੱਤ-ਖੇਤਰ ਅਤੇ ਜੀਵਨ-ਖੇਤਰ ਦੋਹਾਂ ਵਿਚ ਨਵੀਆਂ ਕੀਮਤਾਂ ਨੂੰ ਜਾਣਦੀ ਹੈ। ਤੇ ਉਸ ਨੇ ਜਿਸ ਤਰ੍ਹਾਂ ਲੇਖਕਾਂ ਅਤੇ ਮਜ਼ਦੂਰਾਂ ਨੂੰ ਇਕੋ ਐਨਕ ਵਿਚੋਂ ਵੇਖਿਆ ਹੈ, ਉਹ ਆਪਣੀ ਮਿਸਾਲ ਆਪ ਹੈ।

'ਸਾਡੇ ਮਜ਼ਦੂਰਾਂ ਨੇ ਆਪਣੇ ਲਹੂ ਨੂੰ ਪਸੀਨਾ ਕੀਤਾ ਹੈ-ਮਿਹਨਤ ਦੇ ਮੁੜ੍ਹਕੇ ਵਿਚੋਂ ਕਣਕਾਂ ਦੇ ਸੁਨਹਿਰੀ ਸਿੱਟੇ ਜੰਮੇ ਹਨ-ਖਾਕੀ ਮਿੱਟੀ ਨੂੰ ਉਨ੍ਹਾਂ ਨੇ ਜਿਉਂਦੇ ਲਾਲਾਂ ਜਹੇ ਦਾਣਿਆਂ ਵਿਚ ਵਟਾ ਦਿੱਤਾ ਹੈ, ਪਰ ਅਸਾਂ ਉਨ੍ਹਾਂ ਨੂੰ ਕੀ ਦਿੱਤਾ ਹੈ ? ਗ਼ੁਰਬਤ !

'ਸਾਡੇ ਲੇਖਕਾਂ ਨੇ ਲਹੂ ਭਿੱਜੇ ਜਜ਼ਬਿਆਂ ਨਾਲ ਦੁਨੀਆਂ ਦੀ ਅਮਰ ਕਹਾਣੀ ਲਿਖੀ ਹੈ-ਇਕ ਇਕ ਹਰਫ਼ ਨਾਲ ਦੇਸ ਦੇ ਜਵਾਨ ਜਜ਼ਬਿਆਂ ਨੂੰ ਵੰਗਾਰ ਪਾਈ ਹੈ। ਤਵਾਰੀਖ਼ ਉਗਾਹ ਹੈ, ਉਨ੍ਹਾਂ ਨੇ ਆਪਣੀ ਰੱਤ ਦੇ ਲਾਲ ਟੇਪੇ ਕਾਲੇ ਅੱਖਰਾਂ ਵਿਚ ਬਦਲ ਸੁੱਟੇ ਹਨ ਪਰ ਅਸਾਂ ਉਨ੍ਹਾਂ ਨੂੰ ਕੀ ਦਿੱਤਾ ਹੈ ? ਗ਼ੁਰਬਤ !

[ਜੈਸ਼ਿਰੀ]

'ਆਲ੍ਹਣਾ' ਵਿਚ ਉਹ ਲੇਖਕਾਂ ਦੀ ਦੁਰਦਸ਼ਾ ਬਾਰੇ ਨਿਧੜਕ ਹੋ ਕੇ ਕਹਿ ਦਿੰਦੀ ਹੈ: —

"ਉਫ਼ ! ਸਾਡੇ ਮੁਲਕ ਦੇ ਲੇਖਕ !.........
ਅਖ਼ਬਾਰ ਵੇਚਣ ਵਾਸਤੇ ਮਾਰੀ ਹੋਈ ਹਾਕ ਉਨ੍ਹਾਂ ਨੂੰ ਪੈਸਾ ਦੇ ਸਕਦੀ ਏ, ਪਰ ਉਨ੍ਹਾਂ ਦੇ ਹੱਥ ਵਿਚ ਫੜੀ ਹੋਈ ਕਲਮ ਉਨ੍ਹਾਂ ਨੂੰ ਪੈਸਾ ਨਹੀਂ ਦੇ ਸਕਦੀ ।'

ਅੰਮ੍ਰਿਤਾ ਦਾ ਪਿਆਰ-ਅਨਭਵ ਬੜਾ ਹੀ ਸੁਲਝਿਆ ਹੋਇਆ ਅਤੇ ਨਰੋਆ ਹੈ। ਪਿਆਰ-ਪੰਧ ਦੇ ਬਿਖੜੇ ਪੈਂਡੇ ਤੇ ਚਲਣ ਵਾਲਿਆਂ ਨੂੰ ਜਿਹੜੀ ਜਾਚ, ਜਿਹੜੀ ਸੇਧ ਉਸ ਨੇ ਦੱਸੀ ਹੈ ਉਹ ਸਾਰੀਆਂ ਗੁੰਝਲਾਂ ਨੂੰ ਸਾਫ਼ ਕਰ ਦਿੰਦੀ ਹੈ, ਰਸਤੇ ਨੂੰ ਹੀ ਨਹੀਂ





# ਕਹਾਣੀਕਾਰ ਅੰਮ੍ਰਿਤਾ

ਹੁਣ ਤਕ ਅੰਮ੍ਰਿਤਾ ਪ੍ਰੀਤਮ ਦੇ ਤਿੰਨ ਕਹਾਣੀ-ਸੰਗ੍ਰਹਿ–'ਛੱਬੀ ਵਰ੍ਹੇ ਬਾਦ, 'ਕੁੰਜੀਆਂ' ਤੇ 'ਆਖ਼ਰੀ ਖ਼ਤ' ਛਪ ਚੁਕੇ ਹਨ। ਇਨ੍ਹਾਂ ਕਹਾਣੀਆਂ ਦਾ ਪਰਧਾਨ ਵਿਸ਼ਾ ਇਸਤਰੀ ਦੇ ਉਸ ਦਿਲ ਦੀ ਚੀਸ ਹੈ ਜਿਸ ਨੂੰ ਮਰਦ ਨੇ ਆਮ ਤੌਰ ਤੇ ਕਲੀ ਜਾਣ ਕੇ ਸੁੰਘਿਆ ਤੇ ਮਨ ਪਰਚਾਉਣ ਤੋਂ ਬਾਦ ਮਧੋਲਕੇ ਸੁੱਟ ਦਿੱਤਾ। ਇਸੇ ਤਰ੍ਹਾਂ ਉਹ ਉਸ ਨੂੰ ਕੀ ਸਮਝਦਾ ਹੈ, ਇਸ ਬਾਰੇ ਲੇਖਕਾ ਕਹਿੰਦੀ ਹੈ –

'ਆਦਮੀ ਔਰਤ ਨੂੰ ਗੁੱਡੀ ਸਮਝਕੇ ਖੇਡਦਾ ਏ, ਆਦਮੀ ਹੱਥ ਅਗਾਂਹ ਕਰਦਾ ਏ ਔਰਤ ਦਿਲ ਅਗਾਂਹ ਕਰਦੀ ਏ।' ਇਨ੍ਹਾਂ ਕਹਾਣੀਆਂ ਵਿਚ ਇਸ ਵਟਾਂਦਰੇ ਤੋਂ ਉਪਜੇ ਦੁਖਾਂਤ ਨੂੰ ਪੇਸ਼ ਕੀਤਾ ਹੋਇਆ ਹੈ।

ਅੰਮ੍ਰਿਤਾ ਨੇ ਇਸਤਰੀ ਨੂੰ ਅਬਲਾ, ਗੁੱਡੀ, ਭੈਣ, ਮਾਂ ਤੇ ਇਕ ਸੁਹਿਰਦ ਪ੍ਰੇਮਕਾ ਦੇ ਰੂਪ ਵਿੱਚ ਨਿਰੂਪਣ ਕੀਤਾ ਹੈ। ਇਸਤਰੀ ਅਬਲਾ ਤੇ ਗੁੱਡੀ ਬਣਕੇ ਵਿਕਦੀ ਵਿਖਾਈ ਹੈ, 'ਗੁਨਾਹ' 'ਛਾਇਆ' ਤੇ 'ਪੰਜ ਭੈਣਾਂ' ਵਿਚ; '੨੬ ਵਰ੍ਹਿਆਂ ਬਾਦ' ਤੇ 'ਹੱਡੀਆਂ ਤੇ ਫੁਲ' ਆਦਿਕ ਕਹਾਣੀਆਂ ਵਿਚ ਉਸ ਨੂੰ ਇਕ ਸੁਹਿਰਦ ਪ੍ਰੇਮਕਾ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਹ ਪ੍ਰੇਮਕਾ ਤੇ ਪ੍ਰੇਮੀ ਅਜੇਹੇ ਹਨ ਜਿਹੜੇ ਰੂਹਾਨੀ ਪਿਆਰ ਨੂੰ ਪਾਲਦੇ ਹੋਏ ਅਗੋਂ ਜਾਕੇ ਸੰਤਾਨ ਦੇ ਮੇਲ ਵਿਚ ਆਪਣਾ ਮੇਲ ਵੇਖ ਕੇ ਤ੍ਰਿਪਤ ਹੁੰਦੇ ਹਨ ਜਾਂ ਫਿਰ ਇਕ ਦੂਜੇ ਦੀ ਯਾਦ ਵਿਚ ਹੀ ਆਪਣੇ ਜੀਵਨ ਨੂੰ ਬਿਤਾ ਦਿੰਦੇ ਹਨ। ਭੈਣ ਤੇ ਮਾਂ ਦੇ ਰੂਪ ਵਿਚ ਇਸਤਰੀ ਨੂੰ 'ਰੱਖੜੀ' ਕਹਾਣੀ ਵਿਚ ਪੇਸ਼ ਕੀਤਾ ਹੋਇਆ ਹੈ। ਇਸ ਤਰ੍ਹਾਂ ਅੰਮ੍ਰਿਤਾ ਦੀਆਂ ਸਾਰੀਆਂ

ਕਹਾਣੀਆਂ ਵਿਚ ਇਸਤਰੀ-ਜੀਵਨ ਦੀ ਬਹੁ-ਪੱਖੀ ਤਸਵੀਰ ਪੇਸ਼ ਕੀਤੀ ਮਿਲਦੀ ਹੈ।

ਅੰਮ੍ਰਿਤਾ ਖ਼ੁਦ ਇਸਤਰੀ ਹੋਣ ਕਰਕੇ ਇਸਤਰੀ ਦੇ ਕੋਮਲ ਭਾਵੀ ਹਿਰਦੇ ਤੋਂ ਪੂਰਨ ਤੌਰ ਤੇ ਜਾਣੂ ਹੈ। ਪੁਰਖ-ਪਰਧਾਨ ਰਾਜ ਵਿਚ ਇਸਤਰੀ ਦੇ ਕੋਮਲ ਹਿਰਦੇ ਨੂੰ ਬੁਰੀ ਤਰ੍ਹਾਂ ਮਧੋਲਿਆ ਜਾਂਦਾ ਹੈ। ਪਿਆਰ ਦੀ ਖੇਡ ਵਿਚ ਜਦੋਂ ਇਹ ਸੁਹਿਰਦਤਾ ਨਾਲ ਭਾਗ ਲੈਂਦੀ ਹੈ ਉਦੋਂ ਇਸ ਨੂੰ ਗੁੱਡੀ ਸਮਝਣ ਵਾਲਾ ਮਨੁੱਖ 'ਪਿਪਲੋ' ਨਾਮੀ ਕਹਾਣੀ ਵਿਚ ਇੰਞ ਕਹਿੰਦਾ ਹੈ 'ਕੰਵਰ ਗਲਾਂਦਾ ਥਾ– ਪਿਪਲੋ ਭੁਲੀ ਜਾਹ ਤੇ ਗਲਾਇਆ-ਇਕ ਧੇਲ ਖੇਲੀ ਥੀ।' ਕੰਵਰ ਦੇ ਭਾਣੇ ਇਹ ਖੇਡ ਸੀ ਪਰੰਤੂ ਪਿਪਲੋ ਦੇ ਅੱਲ੍ਹੜ ਤੇ ਮਾਸੂਮ ਦਿਲ ਲਈ ਇਹ ਜੀਵਨ ਦੀ ਸਭ ਤੋਂ ਮਹੱਤਵ-ਪੂਰਨ ਘਟਨਾ ਸੀ ਜਿਸ ਦੇ ਵਾਪਰਨ ਨਾਲ ਉਸ ਦਾ ਜੀਵਨ ਇਕ ਸਦੀਵੀ ਦਰਦ ਬਣ ਗਿਆ। ਇਸੇ ਤਰ੍ਹਾਂ 'ਛਾਇਆ' ਵਿਚ ਕਿਸੇ ਜੁਆਨ ਕਲੀ ਨੂੰ ਵਾਰਸ ਦੀ ਪ੍ਰਾਪਤੀ ਲਈ ਮਧੋਲਿਆ ਜਾਂਦਾ ਹੈ, 'ਗੁਨਾਹ' ਵਿਚ ਪੂਰੋ ਦੇ ਦਿਲ ਦੀ ਹਾਲਤ ਲੇਖਕਾ ਨੇ ਆਪ ਬਿਆਨ ਨਹੀਂ ਕੀਤੀ ਕੇਵਲ ਉਸ ਦੇ ਬੁੱਤ ਦੇ ਵਿਚਾਰਾਂ ਨੂੰ ਅਜੋਕੀ ਅਸਲੀਅਤ ਦੱਸਕੇ ਪਾਠਕ ਨੂੰ ਮਹਾਨ ਦੁਖਾਂਤ ਦਾ ਅਨੁਭਵ ਕਰਨ ਲਈ ਛਡ ਦਿੱਤਾ ਹੈ। 'ਪੰਜ ਭੈਣਾਂ' ਵਿੱਚ ਇਸਤਰੀ ਦੇ ਪੰਜ ਰੂਪ ਪੇਸ਼ ਕੀਤੇ ਗਏ ਹਨ।

ਇਸ ਤਰ੍ਹਾਂ ਅੰਮ੍ਰਿਤਾ ਦੀਆਂ ਕਹਾਣੀਆਂ ਵਿੱਚ ਇਸਤਰੀ ਦੇ ਹੌਕੇ-ਹਾਵੇ, ਟੁੱਟਦੇ ਦਿਲ ਤੇ ਕਲੀਆਂ ਦਾ ਮਧੋਲੇ ਜਾਣਾ ਵਿਖਾਇਆ ਗਿਆ ਹੈ। ਇਹ ਕੁਝ ਆਪਣੀਆਂ ਕਿਰਤਾਂ ਵਿਚ ਗੁਰਬਖ਼ਸ਼ ਸਿੰਘ ਤੇ ਨਾਨਕ ਸਿੰਘ ਨੇ ਵੀ ਦੱਸਿਆ ਹੈ। ਪਰੰਤੂ ਮਰਦ ਹੋਣ ਦੇ ਨਾਤੇ ਉਨ੍ਹਾਂ ਦਾ ਅਨੁਭਵ ਇਤਨਾ ਤੀਖਣ ਤੇ ਨਿਜੀ ਨਹੀਂ ਜਿਤਨਾ ਕਿ ਅੰਮ੍ਰਿਤਾ ਪ੍ਰੀਤਮ ਦਾ ਹੈ। ਨਾਨਕ ਸਿੰਘ ਜੀ ਨੂੰ ਇਸਤਰੀ ਦਾ ਵਕੀਲ ਕਿਹਾ ਜਾਂਦਾ ਹੈ ਪਰੰਤੂ ਵਕੀਲ ਨੇ ਤਾਂ



ਕੇਵਲ ਵਕਾਲਤ ਕਰਨੀ ਹੈ, ਅਸਲ ਦੁੱਖ ਦਾ ਅਨੁਭਵ ਤਾਂ ਮੁਦਈ ਇਸਤਰੀ ਨੂੰ ਹੁੰਦਾ ਹੈ ਜਿਸ ਤੇ ਇਸ ਭਾਈਚਾਰੇ ਨੇ ਹੱਦੋਂ-ਬਾਹਰੇ ਜ਼ੁਲਮ ਕੀਤੇ ਹਨ। ਇਸ ਅਨੁਭਵ ਦੇ ਵਖਰੇਵੇਂ ਨੂੰ ਦੋਹਾਂ ਲੇਖਕਾਂ ਦੀਆਂ ਕਿਰਤਾਂ ਵਿਚਲੇ ਇਸਤਰੀ-ਪਾਤਰਾਂ ਦੀ ਤੁਲਨਾ ਕਰਕੇ ਸੌਖਿਆਂ ਵੇਖਿਆ ਜਾ ਸਕਦਾ ਹੈ।

ਇਸਤਰੀ ਪਾਤਰਾਂ ਨੂੰ ਕਹਾਣੀਆਂ ਵਿੱਚ ਜਿਸ ਸੁਹਿਰਦਤਾ ਤੇ ਵਫ਼ਾਦਾਰੀ ਨਾਲ ਅੰਮ੍ਰਿਤਾ ਨੇ ਪੇਸ਼ ਕੀਤਾ ਹੈ, ਇਤਨੀ ਨੇੜਤਾ ਨਾਲ ਹੋਰ ਕੋਈ ਨਹੀਂ ਕਰ ਸਕਿਆ। 'ਸੇਖੋਂ' ਤੇ 'ਦੁੱਗਲ' ਦੀਆਂ ਕਹਾਣੀਆਂ ਵਿਚਲੀਆਂ ਇਸਤਰੀਆਂ ਵਿੱਚ ਦਿਲ ਦੀ ਧੜਕਣ ਘਟ ਵੱਧ ਹੀ ਪਾਠਕ ਨੂੰ ਸੁਣਾਈ ਦਿੰਦੀ ਹੈ, ਹਾਂ; ਉਹ ਦਿਮਾਗੀ ਤੇ ਮਨੋਵਿਗਿਆਨਕ ਪੁਤਲੀਆਂ ਤਾਂ ਜ਼ਰੂਰ ਹੁੰਦੀਆਂ ਹਨ। ਪਰੰਤੂ ਅੰਮ੍ਰਿਤਾ ਇਸਤਰੀ ਹੁੰਦੀ ਹੋਈ ਇਸ ਦੇ ਪੀੜਾਂ ਮੱਲੇ ਰਾਹ ਤੇ ਇਸ ਦੇ ਪੰਧ ਵਿੱਚ ਆਏ ਝਨਾਂ ਦੇ ਡੂੰਘੇ ਪਾਣੀਆਂ ਤੋਂ ਵਧੇਰੇ ਚੰਗੀ ਤਰ੍ਹਾਂ ਜਾਣੂ ਹੈ। ਇਸ ਲਈ ਜਦੋਂ ਉਹ ਆਪਣੇ ਇਸਤਰੀ ਪਾਤਰਾਂ ਦੇ ਕੋਹੇ ਤੇ ਕੁੱਠੇ ਹੋਏ ਦਿਲ ਪੇਸ਼ ਕਰਦੀ ਹੈ, ਉਦੋਂ ਭਾਵੇਂ ਉਸ ਦੀ ਤਰਜਮਾਨੀ ਵਿੱਚ ਨਾ ਹੀ ਨਾਨਕ ਸਿੰਘ ਜਿਹੀ ਵਕੀਲੀ ਰੰਗਣ ਤੇ ਨਾ ਹੀ ਸੇਖੋਂ ਤੇ ਦੁੱਗਲ ਜਿਹਾ ਬੌਧਿਕ ਤੇ ਮਨੋਵਿਗਿਆਨਕ ਰੰਗ ਹੁੰਦਾ ਹੈ ਪਰ ਉਹ ਇਸਤਰੀ ਦੇ ਪੀੜਤ ਦਿਲ ਨੂੰ, ਜਿਸ ਤੇ ਭਾਈ-ਚਾਰਾ ਤੇ ਭਾਈਚਾਰੇ ਦੇ ਠੇਕੇਦਾਰ ਅੱਤ ਦਾ ਜ਼ੁਰਮ ਕਰੀਂ ਜਾ ਰਹੇ ਹਨ, ਕੁਝ ਕੁ ਛੋਹਾਂ ਨਾਲ ਹੀ ਨਿਰੂਪਣ ਕਰ ਦਿੰਦੀ ਹੈ। ਪਾਠਕ ਇਸ ਦੀ ਧੜਕਣ ਸੁਣ ਸਕਦਾ ਹੈ। ਇਸ ਤੇ ਵਾਪਰ ਚੁਕੀਆਂ ਹੋਣੀਆਂ ਤੋਂ ਬਾਦ ਜਦੋਂ ਉਹ ਲਿਖਦੀ ਹੈ–'ਮੈਂ ਉਸ ਨੂੰ ਆਖਿਆ ਏ ਹੁਣ ਉਹ ਮੇਰੇ ਅੱਖਰਾਂ ਵਿੱਚ ਇਕ ਲਾਵਾ ਢਾਲ ਦੇਵੇ।' ਇੰਜ ਪਰਤੀਤ ਹੁੰਦਾ ਹੈ, ਜਿਵੇਂ ਪੁਰਾਤਨ ਕਾਲ ਤੋਂ ਮਧੋਲੀ ਹੋਈ ਇਸਤਰੀ ਸਾਡੇ ਅੱਗੇ ਭਵਿਖ ਦੀਆਂ ਹੋਣੀਆਂ ਨਾਲ ਟਕਰਾਉਣ ਲਈ ਅੰਗੜਾਈਆਂ ਲੈਂਦੀ

ਪਰਤੀਤ ਹੁੰਦੀ ਹੈ।

ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਜਿਥੇ ਇਸਤਰੀ ਦੇ ਜੀਵਨ ਦੀਆਂ ਵਿਸ਼ਾਦੀ ਤੇ ਦੁੱਖ-ਭਰਪੂਰ ਘਟਨਾਵਾਂ ਨੂੰ ਪੇਸ਼ ਕੀਤਾ ਹੈ, ਉਥੇ ਉਹ ਅਜ ਦੀ ਜਾਗ ਰਹੀ ਉਸ ਨਾਰੀ ਦਾ ਚਿਤਰ 'ਆਖਰੀ ਖ਼ਤ' ਵਿੱਚ ਪੇਸ਼ ਕਰਦੀ ਹੈ। ਉਹ ਨਾਰੀ ਜਿਸ ਨੂੰ ਆਪਣੀਆਂ ਮਜਬੂਰੀਆਂ ਦੀ ਪੂਰਨ ਸੋਝੀ ਆ ਗਈ ਹੈ ਤੇ ਜੋ ਲਿਖਦੀ ਹੈ—'ਏਥੇ ਔਰਤ ਦੀ ਆਬਰੂ ਇੱਕ ਕੱਚਾ ਧਾਗਾ ਹੁੰਦੀ ਏ, ਤੇ ਜਿਹਦੀ ਉਮਰ ਮਨਾਹੀਆਂ ਤੇ ਮੁਥਾਜੀਆਂ ਵਿੱਚ ਗੁਜ਼ਰ ਜਾਂਦੀ ਏ। ਸਾਡੀਆਂ ਮੰਡੀਆਂ ਵਿੱਚ ਕਣਕ ਵੀ ਵਿਕਦੀ ਏ, ਜਵਾਰ ਵੀ ਵਿਕਦੀ ਏ, ਤੇ ਔਰਤ ਵੀ ਵਿਕਦੀ ਏ, ਆਰਥਿਕ ਗੁਲਾਮੀ ਔਰਤ ਨੂੰ ਦਾਸ ਬਣਾਂਦੀ ਏ।'

ਇਸ ਤਰ੍ਹਾਂ ਅੰਮ੍ਰਿਤਾ ਦੀ ਪੇਸ਼ ਕੀਤੀ ਇਸਤਰੀ ਹੁਣ ਅਬਲਾ ਨਹੀਂ, ਸਗੋਂ ਉਸ ਨੂੰ ਆਪਣੇ 'ਦਾਸ ਭਾਵ' ਤੇ ਭਾਈਚਾਰੇ ਦੁਆਰਾ ਪਾਏ ਗੁਲਾਮੀ ਦੇ ਤੌਕ ਦਾ ਪਤਾ ਲਗ ਗਿਆ ਹੈ। ਅੱਜ ਉਹ ਇਸ ਸੰਸਾਰ ਨੂੰ 'ਮਾਰੂ ਥਲ' ਦਸਦੀ ਹੈ, ਜਿਸ ਵਿੱਚ ਕੋਈ ਸੱਸੀ ਆਖਰੀ ਸਾਹ ਲੈਂਦੀ ਹੋਵੇ ਪਰ ਹੁਣ ਕਹਿੰਦੀ ਹੈ।

'ਹੁਣ ਮੇਰੇ ਗੀਤ ਕੂਲਿਆਂ ਔਥਰੂਆਂ ਵਿਚ ਪੈਦਾ ਨਹੀਂ ਹੋਣਗੇ।
ਹੁਣ ਮੇਰੇ ਅੱਖਰ ਫੌਲਾਦ ਦੇ ਟੋਟੇ ਬਣ ਜਾਣਗੇ
ਤੇ ਇਹ ਦੀਵਾਰਾਂ ਡਿੱਗਣਗੀਆਂ।'


ਇਸ ਤਰ੍ਹਾਂ ਅੰਮ੍ਰਿਤਾ ਦੀ ਅਬਲਾ ਅੱਜ ਇੱਕ ਯੁਗ-ਪਰੀਵਰਤਕ ਕਲਾਕਾਰ ਦਾ ਰੂਪ ਧਾਰਨ ਕਰਦੀ ਪਾਠਕਾਂ ਅਗੇ ਨਵੇਂ ਜੀਵਨ ਦਾ ਸੰਦੇਸ ਲੈ ਕੇ ਆਉਂਦੀ ਹੈ;

ਉਸ ਦੀ ਕਹਾਣੀ ਕਲਾ ਤੇ ਵਿਚਾਰ-ਧਾਰਾ ਉਤੇ ਕਿਤੇ ਕਿਤੇ ਗੁਰਬਖਸ਼ ਸਿੰਘ ਦਾ ਵੀ ਪ੍ਰਭਾਵ ਪਿਆ ਲਗਦਾ ਹੈ, ਵਿਸ਼ੇਸ਼ ਕਰ ਕੇ 'ਆਖਰੀ ਖ਼ਤ' ਵਿੱਚ ਉਸ ਨੇ ਉਸੇ ਤਰ੍ਹਾਂ ਦੀ ਕਾਵਿਮਈ ਵਾਰਤਕ ਵਰਤੀ ਹੈ, ਜਿਵੇਂ ਉਹ ਆਪਣੀ ਕਹਾਣੀ 'ਮਖਣੀ'



ਵਿੱਚ ਵਰਤਦਾ ਹੈ। ਇਵੇਂ ਜਿਵੇਂ ਅੰਮ੍ਰਿਤਾ ਨੇ 'ਚਲਦੀ ਗੱਡੀ ਵਿੱਚ', ਕਹਾਣੀ ਵਿਚ ਸੁਜਾਨ ਸਿੰਘ ਦੀ ਕਹਾਣੀ 'ਲੁਕਣ-ਮਿੱਚੀ' ਵਾਲਾ ਤਕਨੀਕੀ ਪ੍ਰਯੋਗ ਕੀਤਾ ਹੈ। ਕਹਾਣੀ ਦੀ ਸਮੁੱਚੀ ਤਕਨੀਕ ਤੇ ਜੋ ਕਾਬੂ ਅੰਮ੍ਰਿਤਾ ਨੂੰ ਹੈ, ਉਹ ਪੰਜਾਬੀ ਦੇ ਬਹੁਤ ਘੱਟ ਕਹਾਣੀਕਾਰਾਂ ਨੂੰ ਪ੍ਰਾਪਤ ਹੈ। ਉਸ ਦੀਆਂ ਕਹਾਣੀਆਂ ਵਿੱਚ ਆਈ ਨਾਟਕੀ ਰੰਗਣ ਕਿਸੇ ਵੀ ਉੱਚ ਕੋਟੀ ਦੇ ਕਹਾਣੀਕਾਰ ਦੀ ਕਿਰਤ ਨਾਲ ਖਿਦ ਸਕਦੀ ਹੈ। ਸੰਖੇਪਤਾ, ਸਰਲਤਾ ਤੇ ਪ੍ਰਭਾਵ ਦਾ ਪੂਰਨ ਤੌਰ ਤੇ ਪਾਠਕ ਦੇ ਦਿਲ ਨੂੰ ਹਲੂਣਾ ਦੇਣਾ ਅੰਮ੍ਰਿਤਾ ਦੀਆਂ ਕਹਾਣੀਆਂ ਦਾ ਖਾਸਾ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਜਿਵੇਂ ਅੰਮ੍ਰਿਤਾ ਦੀ ਦੇਣ ਕਾਵਿ-ਖੇਤਰ ਵਿੱਚ ਉੱਚ-ਕੋਟੀ ਦੀ ਹੈ, ਉਸੇ ਤਰ੍ਹਾਂ ਕਹਾਣੀ-ਖੇਤਰ ਵਿੱਚ ਵੀ ਉਸ ਦੀ ਦੇਣ ਕਿਸੇ ਵੀ ਉਚ ਕੋਟੀ ਦੇ ਕਹਾਣੀਕਾਰ ਨਾਲ ਮੇਚੀ ਜਾ ਸਕਦੀ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਕਹਾਣੀਆਂ ਵਿੱਚ ਇਸਤਰੀ-ਜੀਵਨ ਦੀਆਂ ਪੇਸ਼ ਕੀਤੀਆਂ ਝਾਕੀਆਂ ਪੰਜਾਬੀ ਗਲਪ-ਖੇਤਰ ਦੀ ਚਿਤ੍ਰ ਸ਼ਾਲਾ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ ਤੇ ਸਾਨੂੰ ਆਸ ਹੈ ਕਿ ਕਵੀ-ਕਹਾਣੀਕਾਰ ਇਸ ਸ਼ਿੰਗਾਰ ਵਿਚ ਹੋਰ ਵਾਧਾ ਕਰਦਾ ਰਹੇਗਾ।



# ਅੰਮ੍ਰਿਤਾ-ਇਕ ਨੇੜਿਓਂ ਤੱਕਿਆ ਚਿਤ੍ਰ

ਅੰਮ੍ਰਿਤਾ ਜੀ ਸਾਡੇ ਬੜੇ ਨੇੜੇ ਦੇ ਰਿਸ਼ਤੇਦਾਰਾਂ ਵਿਚੋਂ ਹਨ । ਮੈਂ ਲਾਡ ਨਾਲ ਉਨ੍ਹਾਂ ਨੂੰ 'ਮਾਂਮਾਂ' ਸੱਦਦੀ ਹਾਂ । ਉਮਰ ਵਿੱਚ ਮੈਂ ਉਨ੍ਹਾਂ ਨਾਲੋਂ ਸਿਰਫ਼ ੧੩ ਸਾਲ ਛੋਟੀ ਹਾਂ ਇਸ ਲਈ ਮੈਨੂੰ ਕਦੀ ਕਦੀ ਇੰਜ ਲਗਦਾ ਏ ਜਿਵੇਂ ਉਹ ਮੇਰੀ ਵਡੀ ਭੈਣ ਹੋਵੇ; ਤੇ ਸਾਡੇ ਦਿਲਾਂ ਨੇ ਆਪਸ ਵਿੱਚ ਨਿੱਕੇ ਤੋਂ ਨਿੱਕੇ ਭੇਤ ਵਟਾਏ ਹੋਏ ਨੇ, ਇਸ ਲਈ ਦੁਨੀਆਂ ਵਿੱਚ ਮੇਰੀ ਉਹ ਸਭ ਤੋਂ ਚੰਗੀ ਦੋਸਤ ਵੀ ਹੈ । ਜਦੋਂ ਮੈਂ ਉਨ੍ਹਾਂ ਕੋਲੋਂ ਨਿੱਖੜਦੀ ਹਾਂ, ਪੰਜਾਬ ਦਾ ਇਹ ਲੋਕ-ਗੀਤ ਮੇਰੇ ਕੰਨਾਂ ਵਿਚ ਗੂੰਜਦਾ ਏ 'ਮਾਵਾਂ ਤੇ ਧੀਆਂ ਦੀ ਦੋਸਤੀ ਟੁੱਟਦੀ ਏ ਕਹਿਰਾਂ ਦੇ ਨਾਲ ।' ਜਦੋਂ ਮੈਂ ਉਨ੍ਹਾਂ ਕੋਲੋਂ ਕੋਈ ਗੱਲ ਸਮਝਦੀ ਹਾਂ, ਪੁਛਦੀ ਹਾਂ, ਉਹ ਮੈਨੂੰ ਉਂਜੇ ਹੀ ਸਮਝਾਂਦੇ ਹਨ ਜਿਵੇਂ ਕੋਈ ਆਪਣੀ ਛੋਟੀ ਭੈਣ ਨੂੰ ਦਸਦਾ ਹੋਵੇ ਤੇ ਜਦੋਂ ਅਸੀਂ ਦੋ ਦੋਸਤਾਂ ਦੇ ਰੂਪ ਵਿੱਚ ਬੈਠੀਏ, ਵਕਤ ਭੁਲ ਜਾਂਦਾ ਏ— ਵੇਲਾ ਗੁਆਚ ਜਾਂਦਾ ਏ। ਸਾਡੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਦੁਨੀਆਂ ਦੀਆਂ ਕੁਟੱਖ਼ਤ ਗੱਲਾਂ ਅਲੋਪ ਹੋ ਜਾਂਦੀਆਂ ਨੇ ।

ਮਾਂਮਾਂ ਨੂੰ ਮੈਂ ਹਰ ਰੰਗ ਵਿੱਚ ਵੇਖਿਆ ਏ। ਉਨ੍ਹਾਂ ਦੀ ਖ਼ੁਸ਼ੀ ਦੀ ਇਨਤਹਾ ਵੀ ਤੱਕੀ ਏ ਤੇ ਉਨ੍ਹਾਂ ਅੱਖੀਆਂ ਵਿਚ ਉਦਾਸੀ ਦੀ ਉਹ ਹੱਦ ਵੀ ਤੱਕੀ ਹੈ ਜਦੋਂ ਉਨ੍ਹਾਂ ਨੂੰ ਸੂਰਜ ਸਰਕੜਾ ਜਾਪਦਾ ਏ।

ਜਦੋਂ ਕਦੇ ਮਾਂਮਾਂ ਨੇ ਕੋਈ ਕਵਿਤਾ ਲਿਖਣੀ ਹੁੰਦੀ ਏ...ਉਨ੍ਹਾਂ ਦਾ ਦਿਲ ਬੜਾ ਬੇਚੈਨ ਜਿਹਾ ਰਹਿੰਦਾ ਏ, ਮਨ ਕਿਧਰੇ ਵੀ ਟਿਕਦਾ ਨਹੀਂ । ਦੁਨੀਆਂ ਨਾਲੋਂ ਉਹ ਉਸ ਵੇਲੇ ਅਸਲੋਂ ਹੀ ਬੇਲਾਗ ਹੁੰਦੇ ਨੇ...ਨਾ ਉਨ੍ਹਾਂ ਕੋਲੋਂ ਤਿਆਰ ਹੋਇਆ ਜਾਂਦਾ ਏ, ਨਾ ਰੋਟੀ ਖਾਧੀ ਜਾਂਦੀ ਏ ਤੇ ਨਾ ਹੀ ਕਿਸੇ ਨਾਲ ਬੋਲਿਆ ਜਾਂਦਾ ਏ। ਕੋਈ ਵੀ ਆਵਾਜ਼ ਉਹ ਸਹਾਰ ਨਹੀਂ ਸਕਦੇ । ਬੱਸਾਂ ਦੀਆਂ ਆਵਾਜ਼ਾਂ, ਕਾਰਾਂ ਦੇ ਹਾਰਨ, ਗਵਾਂਢੀ ਬੱਚਿਆਂ ਦਾ ਰੌਲਾ ਉਨ੍ਹਾਂ ਨੂੰ ਬੜਿਆਂ ਹੀ ਔਖਿਆਂ ਕਰਦਾ ਏ। ਉਨ੍ਹਾਂ ਦਿਨਾਂ ਵਿਚ ਕਿਸੇ ਦਾ ਮਿਲਣ ਆ ਜਾਣਾ ਤਾਂ ਉਨ੍ਹਾਂ ਕੋਲੋਂ ਸਹਾਰਿਆ ਹੀ ਨਹੀਂ ਜਾਂਦਾ। ਨੌਕਰ ਵੀ ਉਨ੍ਹਾਂ ਨੂੰ ਬੁਲਾਂਦਾ ਨਹੀਂ, ਜੋ ਕੁਝ ਚਾੜ੍ਹਨਾ, ਬਣਾਉਣਾ ਹੋਵੇ ਆਪਣੇ ਮਰਜ਼ੀ ਨਾਲ ਬਣਾ ਲੈਂਦਾ ਏ। ਦੋਵੇਂ ਬੱਚੇ ਵੀ ਉਨ੍ਹਾਂ ਦੇ ਕਮਰੇ ਵਿਚ ਨਹੀਂ ਜਾਂਦੇ।

ਕਵਿਤਾ ਉਹ ਬਹੁਤ ਤੜਪ ਕੇ ਲਿਖਦੇ ਨੇ। ਕਦੀ ਕਦੀ ਉਹ ਕਈ ਕਈ ਦਿਨਾਂ ਦੀਆਂ ਉਦਾਸੀਆਂ ਨੂੰ ਝੱਲਦੇ ਹਨ ਤੇ ਫੇਰ ਕਿਧਰੇ ਜਾ ਕੇ ਕੋਈ ਉਹ ਸਵੇਰ ਚੜ੍ਹਦੀ ਏ ਜਦੋਂ ਉਨ੍ਹਾਂ ਕੋਲੋਂ ਕਵਿਤਾ ਲਿਖੀ ਜਾਂਦੀ ਏ । ਕਈ ਵਾਰੀ ਉਨ੍ਹਾਂ ਦੀ ਇਹ ਹਾਲਤ ਬੜੇ ਥੋੜੇ ਚਿਰ ਲਈ ਹੁੰਦੀ ਏ ਪਰ ਹੁੰਦੀ ਏਨੀ ਔਖੀ ਏ ਕਿ ਉਨ੍ਹਾਂ ਨੂੰ ਲਗਦਾ ਏ ਜਿਵੇਂ ਤਾਰੇ ਟੁਟ ਜਾਣਗੇ, ਧਰਤੀ ਡੋਲ ਜਾਵੇਗੀ, ਦੁਨੀਆਂ ਵਿਚ ਕੁਝ ਵੀ ਨਹੀਂ ਹੋਵੇਗਾ ।

ਲਾਹੌਰ ਦੀ ਗੱਲ ਏ। ਉਦੋਂ ਮੈਂ ਬਾਰਾਂ ਕੁ ਸਾਲਾਂ ਦੀ ਸਾਂ। ਪ੍ਰੀਤਮ ਪਾਪਾ ਜੀ ਬੰਬਈ ਗਏ ਹੋਏ ਸਨ। ਭਰ-ਗਰਮੀਆਂ ਦੀ ਰਾਤ ਸੀ ! ਮੈਂ ਮਾਂਮਾਂ ਕੋਲ ਪਈ ਸਾਂ। ਪਰ ਮਾਂਮਾਂ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਤੜਪਦੇ ਰਹੇ...ਉਸੱਲ-ਵੱਟੇ ਲੈਂਦੇ ਰਹੇ। ਉਨ੍ਹਾਂ ਦੀ ਤਬੀਅਤ ਬੜੀ ਹੀ ਬੇਚੈਨ ਸੀ। ਅੱਖੀਆਂ ਵਿਚ ਨੀਂਦਰ ਨੇ ਆਉਣੋਂ ਜਿਵੇਂ ਸੌਂਹ ਖਾ ਲਈ ਸੀ। ਚਮਕਦੇ ਤਾਰੇ ਉਨ੍ਹਾਂ ਨੂੰ ਸੁਲਘਦੇ ਅੰਗਿਆਰ ਜਾਪਦੇ ਸਨ।

ਵੇਖਦਿਆਂ ਹੀ ਵੇਖਦਿਆਂ ਹੁੱਸੜ ਦੀ ਥਾਂ ਕਾਲੇ ਕਾਲੇ ਬੱਦਲਾਂ ਨੇ ਮੱਲ ਲਈ। ਹਵਾ ਨੇ ਆਪਣੇ ਵਿਚ ਅਥਰਾਂ ਦਾ ਜ਼ੋਰ ਭਰ ਲਿਆ ਤੇ ਗਰਮੀਆਂ ਦੀ ਉਹ ਰਾਤ ਇਕ ਡਾਢੀ ਤੂਫ਼ਾਨੀ ਰਾਤ ਬਣ ਗਈ। ਬਿਸਤਰੇ ਉੱਡ ਉੱਡ ਪੈਣ, ਆਪਣਾ-ਆਪ ਸੰਭਾਲਿਆ

ਨਹੀਂ ਸੀ ਜਾਂਦਾ। ਮੈਂ ਕਮਰੇ ਵਿਚ ਲੇਟ ਗਈ। ਮਾਂਮਾਂ ਧੁਰ ਕੋਠੇ ਦੀਆਂ ਪਉੜੀਆਂ ਵਿਚ ਬੈਠੇ ਰਹੇ। ਘੰਟਿਆਂ ਦੇ ਘੰਟੇ ਬੀਤ ਗਏ। ਤੂਫ਼ਾਨੀ ਹਵਾ ਵੀ ਠੱਲ੍ਹ ਚੁੱਕੀ ਸੀ ਤੇ ਉਹਦੀ ਜਗ੍ਹਾ ਆਖ਼ਰਾਂ ਦੇ ਮੀਂਹ ਨੇ ਮੱਲ ਲਈ ਸੀ, ਪਰ ਮਾਂਮਾਂ ਅਜੇ ਵੀ ਸੌਂ ਨਾ ਸਕੇ।

ਪਤਾ ਨਹੀਂ ਰਾਤ ਦੇ ਕਿੰਨੇ-ਕੁ ਪਹਿਰ ਲੰਘ ਚੁੱਕੇ ਸਨ। ਉਨ੍ਹਾਂ ਇੱਕ ਕਵਿਤਾ ਲਿਖੀ...'ਲੰਘਦੀ ਨਾ ਅਜ ਦੀ ਰਾਤ' ਉਸੇ ਕਵਿਤਾ ਵਿੱਚ ਇੱਕ ਸਤਰ ਏ :–

'ਚਲ ਚਲ ਆਏ ਤੂਫ਼ਾਨ ਕਿਤੇ
ਸਾਡੇ ਚੈਨ ਦੀ ਪੁੱਛਣ ਵਾਤ
ਲੰਘ ਲੰਘ ਗਈਆਂ ਰੁੱਤਾਂ ਵੇ ਸਜਨਾਂ !
ਲੰਘਦੀ ਨਾ ਅਜ ਦੀ ਰਾਤ।

ਦੂਜੇ ਦਿਨ ਮਾਂਮਾਂ ਜਦੋਂ ਉਠੇ ਉਨ੍ਹਾਂ ਦੇ ਸੁਭਾ ਵਿੱਚ ਕਾਹਲਾਪਣ ਬਿਲਕੁਲ ਨਹੀਂ ਸੀ। ਪਰ ਉਹ ਥੱਕੇ ਹੋਏ ਸਨ, ਸਾਰਾ ਦਿਨ ਮੈਂ ਉਨ੍ਹਾਂ ਦੇ ਕੰਨਾਂ ਕੋਲ, ਵਾਲਾਂ ਨੂੰ ਹੌਲੀ ਹੌਲੀ ਮਲ ਕੇ ਉਨ੍ਹਾਂ ਨੂੰ ਸੁਲਾਂਦੀ ਰਹੀ।

ਕਵਿਤਾ ਆਪਣੇ ਹੀ ਦਿੱਲ ਦੀ ਦੇਣ ਹੈ। ਅੱਗੇ ਹਮੇਸ਼ਾਂ ਉਨ੍ਹਾਂ ਕੋਲੋਂ ਇੱਕ ਭਟਕਣਾ ਵਾਂਗਰ ਉਦਾਸ-ਕਵਿਤਾ ਹੀ ਲਿਖੀ ਜਾਂਦੀ ਸੀ। ਪਰ ਹੁਣ ਕਦੇ ਕਦੇ ਉਹ ਖ਼ੁਸ਼-ਕਵਿਤਾ ਵੀ ਲਿਖ ਲੈਂਦੇ ਨੇ। ਪਰ ਖ਼ੁਸ਼-ਕਵਿਤਾ ਵੇਲੇ ਵੀ ਉਹ ਆਲਾ-ਦੁਆਲਾ ਉਸੇ ਤਰ੍ਹਾਂ ਦਾ ਭਾਲਦੇ ਨੇ, ਜਿਵੇਂ ਉਦਾਸ ਵੇਲੇ। ਫ਼ਰਕ ਸਿਰਫ਼ ਇੱਨਾ ਹੈ ਕਿ ਉਦਾਸ ਕਵਿਤਾ ਲਿਖਣ ਤੋਂ ਪਹਿਲਾਂ ਉਨ੍ਹਾਂ ਦਾ ਦਿੱਲ ਵਿਰਾਨੀਆਂ ਵਿੱਚ ਗੁਆਚਾ ਹੁੰਦਾ ਹੈ ਪਰ ਖ਼ੁਸ਼-ਕਵਿਤਾ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਰੱਜ ਜਾਪਦਾ ਹੈ...ਇੱਕ ਭਰਪੂਰਤਾ ਦਿਸਦੀ ਹੈ –



'ਸੂਰਜ-ਮੁਖੀ ਮੁਹੱਬਤ ਤੇਰੀ
ਦਿਲ ਦਾ ਆਂਗਣ ਮੇਰਾ
ਧਰਤੀ ਆਖੇ ਕਿਰਨਾਂ ਚੁੰਮ ਕੇ
ਹੋਇਆ ਇਸ਼ਕ ਸਵੇਰਾ।'

ਇਸ ਕਵਿਤਾ ਨੂੰ ਲਿਖਣ ਤੋਂ ਪਹਿਲੋਂ ਵੀ ਤੇ ਪਿਛੋਂ ਵੀ ਜਾਪਦਾ ਰਿਹਾ, ਜਿਵੇਂ ਕੁਦਰਤ ਇਨ੍ਹਾਂ ਤੇ ਬੜੀ ਮੇਹਰਬਾਨ ਹੋਵੇ।

'ਸੁਪਨਿਆਂ ਦੇ ਆਲ੍ਹਣੇ ਵਿੱਚ
ਰਾਤ ਭਰ ਕੋਈ ਰਹਿ ਗਿਆ।

ਇਹ ਕਵਿਤਾ ਵੀ ਉਸੇ ਰੱਜ ਦੀ ਦੇਣ ਲਗਦੀ ਹੈ...ਜਦੋਂ ਜ਼ਿੰਦਗੀ ਭਾਰੂ ਨਹੀਂ ਲਗਦੀ ਤੇ ਜਦੋਂ ਉਮਰ ਦਾ ਮੋਤੀ ਕਿਸੇ ਇੱਕ ਨਜ਼ਰ ਤੋਂ ਵਾਰਿਆ ਜਾ ਸਕਦਾ ਹੈ।

ਕਈ ਵਾਰੀ ਕੁਦਰਤ ਦੀ ਕੋਈ ਬੜੀ ਸੋਹਣੀ ਚੀਜ਼ ਤੱਕ ਕੇ ਉਨ੍ਹਾਂ ਦੀ ਕਲਮ ਕਵਿਤਾ ਨੂੰ ਜਨਮ ਦੇਂਦੀ ਹੈ। ਆਗਰੇ ਦੇ ਤਾਜ ਮਹਿਲ ਨੂੰ ਤਕ ਕੇ ਮਾਂਮਾਂ ਉੱਤੇ ਇੱਕ ਆਖ਼ਰਾਂ ਦੀ ਚੁਪ ਛਾ ਗਈ ਸੀ। ਉਦੋਂ ਮੈਂ ਮਾਂਮਾਂ ਦੇ ਨਾਲ ਹੀ ਸਾਂ। ਆਗਰੇ ਤੋਂ ਦਿੱਲੀ ਤਕ ਆਉਂਦਿਆਂ ਫੇਰ ਉਹ ਸਾਰੇ ਰਾਹ ਗੁਆਚੇ-ਗੁਆਚੇ ਜਹੇ ਰਹੇ ਸਨ। ਜਿਸ ਦੁਪਹਿਰ ਅਸੀਂ ਵਾਪਸ ਦਿੱਲੀ ਪਹੁੰਚੇ, ਉਸੇ ਸ਼ਾਮ ਉਨ੍ਹਾਂ ਇਹ ਕਵਿਤਾ ਲਿਖੀ :–

"ਹੈ ਚਾਂਦਨੀ ਝੂਮ ਰਹੀ।
ਦੋ ਮਿੱਟੀ ਦੀਆਂ ਮੁੱਠਾਂ ਲੈ ਕੇ
ਆਪਣੇ ਗਲ ਨਾਲ ਲਾਏ ਪਈ।

ਕਿਸੇ ਪੂਰਨਮਾਸ਼ੀ ਦੀ ਰਾਤ ਵਿੱਚ ਗੰਗਾ ਦੀਆਂ ਭਰ ਵਗਦੀਆਂ ਲਹਿਰਾਂ ਨੂੰ ਤਕ ਕੇ ਮਾਂਮਾਂ ਆਪਣਾ ਆਪ ਭੁੱਲ ਗਏ ਸੀ, ਪਰ ਉਸ ਰਾਤ ਉਹ ਚੁੱਪ ਕੋਈ ਨਾ ਹੋਏ। ਉਸ ਰਾਤ ਮੈਂ ਤੇ

ਉਨ੍ਹਾਂ ਨੇ ਰੱਜ ਕੇ ਗੱਲਾਂ ਕੀਤੀਆਂ। ਉਹ ਰਾਤ ਬੜੀ ਖ਼ੂਬਸੂਰਤ ਸੀ। ਉਸ ਰਾਤ ਨੇ ਸਾਨੂੰ ਝੱਲਿਆਂ ਕਰ ਦਿੱਤਾ। ਉਦੋਂ ਇਕ ਦਮ ਤੇ ਮਾਂਮਾਂ ਨੇ ਕੋਈ ਕਵਿਤਾ ਨਾ ਲਿਖੀ ਪਰ ਇਸਦਾ ਅਸਰ ਉਨ੍ਹਾਂ ਤੇ ਬੜਾ ਚਿਰ ਛਾਇਆ ਰਿਹਾ।

ਮਾਂਮਾਂ ਨੇ ਅਜ ਤਕ ਜੋ ਵੀ ਲਿਖਿਆ, ਇਹ ਸਭ ਕੁਝ ਇਨ੍ਹਾਂ ਦੇ ਦਿਲ ਦੀ ਆਵਾਜ਼ ਹੈ। ਹਰ ਤੜਪ ਦਾ ਇਨ੍ਹਾਂ ਦੇ ਦਿਲਾਂ ਨੂੰ ਤਜੱਰਬਾ ਹੈ। ਹਰ ਮਨੁੱਖੀ-ਪੀੜ ਇਹ ਆਪਣੇ ਪਿੰਡੇ ਤੇ ਮਹਿਸੂਸ ਕਰਦੇ ਹਨ। ਪੰਜਾਬ ਦੀ ਵੰਡ ਵੇਲੇ ਪੰਜਾਬੀ ਲੋਕਾਂ ਦੀ ਜੋ ਹਾਲਤ ਹੋਈ, ਇਨ੍ਹਾਂ ਨੇ ਆਪਣੀ ਅੱਖੀਂ ਤੱਕੀ। ਇਹ ਆਪ ਵੀ ਉਹਨਾਂ ਵਿਚੋਂ ਇਕ ਹਨ ਜਿਨ੍ਹਾਂ ਦੇ ਘਰ-ਘਾਟ ਸਭ ਕੁਝ ਵਿਰਾਨ ਹੋ ਗਿਆ ਸੀ ਤੇ ਜਿਨ੍ਹਾਂ ਨੇ ਸਿਫ਼ਰ ਤੋਂ ਜ਼ਿੰਦਗੀ ਸ਼ੁਰੂ ਕੀਤੀ ਸੀ। 'ਵਾਰਸ ਸ਼ਾਹ' ਵਾਲੀ ਕਵਿਤਾ ਇਨ੍ਹਾਂ ਨੇ ਉਦੋਂ ਲਿਖੀ ਜਦੋਂ ਇਨ੍ਹਾਂ ਨੂੰ ਸੰਨ ੧੯੪੭ ਵਿਚ ਡੇਹਰਾਦੂਨ ਤੋਂ ਦਿੱਲੀ ਜਾਣਾ ਪਿਆ ਸੀ। ਵਾਪਸੀ ਤੇ ਇਹ ਬਿਲਕੁਲ ਇਕੱਲੇ ਸਨ। ਸਫ਼ਰ ਰਾਤ ਦਾ ਸੀ, ਕੁਝ ਮਾਇਕ ਥੁੜਾਂ, ਕੁਝ ਸਫ਼ਰ ਦੀ ਬੇਆਰਾਮੀ ਤੇ ਕੁਝ ਮਜਬੂਰ ਪਿੱਛੇ ਡੇਹਰਾਦੂਨ ਛੱਡੇ ਹੋਏ ਨਿੱਕੇ ਨਿੱਕੇ ਬੱਚਿਆਂ ਦਾ ਖ਼ਿਆਲ ਤੇ ਕੁਝ ਦੁੱਖਾਂ ਨਾਲ ਨਿਢਾਲ ਹੋਏ ਬੇਘਰ ਲੋਕਾਂ ਨੂੰ ਤੱਕ ਤੱਕ ਕੇ ਇਨ੍ਹਾਂ ਦਾ ਮਨ ਭਰ ਆਇਆ। ਸੌਣਾ ਤੇ ਉਸ ਹਾਲ ਵਿਚ ਕੀ ਸੀ, ਬਾਰੀ ਦਾ ਆਸਰਾ ਲੈ ਕੇ ਮਾਂਮਾਂ ਰੋਈ ਗਏ-ਰੋਈ ਗਏ। ਅੱਥਰੂਆਂ ਦੀ ਲਗਾਤਾਰ ਇਕ ਧਾਰ ਵਹਿੰਦੀ ਰਹੀ... ਰੋ ਰੋ ਕੇ ਜਦੋਂ ਇਹ ਹਾਰ ਗਏ, ਇਨ੍ਹਾਂ ਨੇ ਬਾਹਰ ਵਲ ਤੱਕਿਆ। ਰਾਤ ਬਹੁਤੀ ਹਨੇਰੀ ਨਹੀਂ ਸੀ, ਚੰਨ ਦੀ ਥੋੜੀ ਥੋੜੀ ਲੋਅ ਵਿਚ ਇਨ੍ਹਾਂ ਨੂੰ ਧਰਤੀ ਤੇ ਉਚੇ ਨੀਵੇਂ ਟਿੱਬੇ ਕਬਰਾਂ ਜਾਪੀਆਂ ਤੇ ਉਨ੍ਹਾਂ ਹੀ ਕਬਰਾਂ ਵਿਚੋਂ ਉਨ੍ਹਾਂ ਨੂੰ ਜਾਪਿਆ ਕਿ ਜਿਵੇਂ ਇਕ ਕਬਰ ਵਾਰਸਸ਼ਾਹ ਦੀ ਹੋਵੇ ਜਿਹੜਾ ਦਿਲਾਂ ਦਾ ਸੁਲਤਾਨ ਸੀ। ਉਥੇ ਗੱਡੀ ਵਿਚ ਹੀ ਉਨ੍ਹਾਂ ਨੇ 'ਵਾਰਸ ਸ਼ਾਹ' ਵਾਲੀ ਕਵਿਤਾ ਲਿਖਣੀ



ਸ਼ੁਰੂ ਕੀਤੀ, ਜਦੋਂ ਡੇਹਰਾਦੂਨ ਉਨ੍ਹਾਂ ਦੇ ਘਰ ਦੇ ਬੂਹੇ ਅੱਗੇ ਜਾ ਕੇ ਟਾਂਗਾ ਖਲੋਤਾ, ਉਸ ਵੇਲੇ ਇਹ ਉਸ ਦੀਆਂ ਅਖ਼ੀਰਲੀਆਂ ਦੋ ਸਤਰਾਂ ਲਿਖ ਰਹੇ ਸਨ।

ਬਹੁਤੀ ਵਾਰੀ ਕਵਿਤਾ ਉਹ ਇਕੋ ਦਿਨ,...ਇਕੋ ਵੇਲੇ ਵਿੱਚ ਲਿਖਦੇ ਹਨ। ਕਦੀ ਵਕਤ ਥੋੜਾ ਵੀ ਲਗਦਾ ਏ ਪਰ ਕਈ ਵਾਰੀ ਘੰਟਿਆਂ ਦੇ ਘੰਟੇ ਬੀਤ ਜਾਂਦੇ ਨੇ।

ਮਾਂਮਾਂ ਕੋਲੋਂ ਕਈ ਵਾਰੀ ਇੱਕੋ ਕਵਿਤਾ ਬੜੇ ਬੜੇ ਮਹੀਨਿਆਂ ਬਾਅਦ ਜਾ ਕੇ ਲਿਖਣ ਹੁੰਦੀ ਤੇ 'ਸੁਨੇਹੜੇ' ਨੂੰ ਲਿਖਣ ਲੱਗਿਆਂ ਇਨ੍ਹਾਂ ਨੇ ੧੯੫੩ ਦਾ ਪੂਰੇ ਦਾ ਪੂਰਾ ਸਾਲ ਲਾਇਆ ਸੀ।

'ਅਸ਼ੋਕਾ ਚੇਤੀ' ਦੀ ਅਖ਼ੀਰਲੀ ਕਵਿਤਾ ਨੂੰ ਲਿਖਣ ਲੱਗਿਆਂ ਵੀ ਬੜਾ ਚਿਰ ਲੱਗਾ ਸੀ।

ਕਦੇ ਕਦਾਈਂ ਉਹ ਏਹੋ ਜੇਹੀ ਕਵਿਤਾ ਵੀ ਲਿਖਦੇ ਹਨ ਜਿਹੜੀ ਉਨ੍ਹਾਂ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ। ਉਨ੍ਹਾਂ ਦੀਆਂ ਕੁਝ ਬੜੀਆਂ ਸੋਹਣੀਆਂ ਕਵਿਤਾਵਾਂ ਮੇਰੇ ਕੋਲ ਲਿਖੀਆਂ ਪਈਆਂ ਹਨ—, ਪਰ ਉਨ੍ਹਾਂ ਕੋਲ ਕਿਧਰੇ ਵੀ ਨਹੀਂ। ਨਾ ਉਨ੍ਹਾਂ ਆਪਣੀ ਕਿਸੇ ਕਿਤਾਬ ਵਿੱਚ ਛਾਪੀਆਂ ਹਨ ਤੇ ਨਾ ਹੀ ਉਨ੍ਹਾਂ ਦੇ ਕਿਸੇ ਰੀਕਾਰਡ ਵਿੱਚ ਹਨ। ਉਂਜ ਇਹ ਰੇਡੀਓ ਤੋਂ ਬੜੀ ਵਾਰ ਗਾਈਆਂ ਜਾਂ ਚੁਕੀਆਂ, ਨੇ। ਉਨ੍ਹਾਂ ਵਿਚੋਂ ਕੁਝ ਗ਼ਜ਼ਲਾਂ ਹਨ, ਜੇਹੜੀਆਂ ਐਸ. ਜੀ. ਬਾਤਿਸ਼ ਨੇ ਗਾਈਆਂ ਸਨ ਤੇ ਜਿਹੜੀਆਂ ਜਲੰਧਰ ਰੇਡੀਓ ਵਾਲਿਆਂ ਨੇ ਰੀਕਾਰਡ ਕੀਤੀਆਂ ਸਨ। ਕੁਝ ਗੀਤ ਹਨ ਜੇਹੜੇ ਦਿਲੀ ਰੇਡੀਓ ਤੋਂ ਕਈ ਵਾਰੀ ਬਰਾਡਕਾਸਟ ਕੀਤੇ ਗਏ ਹਨ। ਜੇਹੜੇ ਗੀਤ ਮਾਂਮਾਂ ਸਿਰਫ ਰੇਡੀਓ ਲਈ ਲਿਖੇ, ਆਮ ਤੌਰ ਤੇ ਉਹ ਗੀਤ ਉਹ ਆਪਣੇ ਕਿਸੇ ਰੀਕਾਰਡ ਵਿੱਚ ਨਹੀਂ ਰਖਦੇ।

ਕਵਿਤਾ ਲਿਖ ਚੁੱਕਣ ਤੋਂ ਬਾਅਦ ਉਨ੍ਹਾਂ ਨੂੰ ਇੰਜ ਲਗਦਾ

ਏ ਜਿਵੇਂ ਉਹ ਕਿਸੇ ਕੰਮ ਵਲੋਂ ਪੂਰੀ ਤਰ੍ਹਾਂ ਸੁਰਖ਼ਰੂ ਹੋ ਗਏ ਹੋਣ। ਤਬੀਅਤ ਵਿੱਚ ਇੱਕ ਚੈਨ ਜਿਹਾ ਭਰ ਕੇ ਉਹ ਲੇਟ ਜਾਂਦੇ ਹਨ।

ਬੜੇ ਚਿਰ ਦੀ ਗੱਲ ਹੈ, ਇਕ ਵਾਰੀ ਗਰਮੀਆਂ ਦੀ ਕੋਈ ਰਾਤ ਸੀ। ਮਾਂਮਾਂ ਆਪਣੀ ਨੀਂਦਰ ਤੋਂ ਤ੍ਰੈਹ ਕੇ ਉਠ ਪਏ। ਕੋਠੇ ਤੋਂ ਆਪਣੇ ਕਮਰੇ ਵਿਚ ਆ ਕੇ ਕਾਗਜ਼ ਲਿਆ ਪਰ ਕਾਹਲ ਤੇ ਘਬਰਾਹਟ ਵਿਚ ਇਨ੍ਹਾਂ ਨੂੰ ਕੋਈ ਪੈੱਨ ਜਾਂ ਪੈਨਸਲ ਨਾ ਲੱਭੀ। ਪਤਾ ਨਹੀਂ ਕਵਿਤਾ ਦੇ ਬੋਲ ਇਨ੍ਹਾਂ ਤੇ ਕਿੰਨੇ ਕੁ ਛਾਏ ਹੋਏ ਸਨ ਜਾਂ ਆਪਣੇ ਆਪ ਨੂੰ ਇਹ ਕਿੰਨਾ ਕੁ ਭੁੱਲ ਚੁਕੇ ਹੋਏ ਸਨ ਕਿ ਇਨ੍ਹਾਂ ਨੇ ਬਲੇਡ ਨਾਲ ਆਪਣੇ ਖੱਬੇ ਹੱਥ ਦੀ ਵਿਚਕਾਰਲੀ ਉਂਗਲ ਤੇ ਚੀਰ ਪਾ ਲਿਆ। ਲਹੂ ਦੇ ਜਿਹੜੇ ਤੁਪਕੇ ਇਨ੍ਹਾਂ ਦੀ ਉਂਗਲ ਵਿਚੋਂ ਨਿਕਲੇ, ਉਸ ਵਿਚ ਤੀਲੇ ਨੂੰ ਡੁਬੋ ਕੇ ਕਾਗਜ਼ ਤੇ ਅੱਖਰ ਉਘੇੜ ਲਏ। ਉਸ ਘੜੀ ਇਨ੍ਹਾਂ ਨੂੰ ਜ਼ਰਾ ਵੀ ਪੀੜ ਨਾ ਹੋਈ। ਪਿਛੋਂ ਕਿੰਨੇ ਦਿਨ ਚੀਸਾਂ ਨਾਲ ਉਂਗਲ ਪੀੜ ਕਰਦੀ ਰਹੀ।

ਸੋਹਣੇ ਲਫਜ਼, ਸੋਹਣੀਆਂ ਸਤਰਾਂ, ਲਫਜ਼ਾਂ ਨੂੰ ਕਹਿਣ ਦੀ ਸੋਹਣੀ ਅਦਾ ਮਾਂਮਾਂ ਲਈ ਨਸ਼ਿਆਂ ਦੇ ਘੁੱਟ ਹਨ। ਜਦੋਂ ਕਦੇ ਕੋਈ ਬਹੁਤ ਸੋਹਣੀ ਕਵਿਤਾ ਬਹੁਤ ਸੋਹਣੀ ਤਰ੍ਹਾਂ ਗਾਏ, ਮਾਂਮਾਂ ਦਾ ਆਪਣਾ ਆਪ ਗੁਆਚ ਜਾਂਦਾ ਏ। ਸੁਆਦ ਦੀ ਇਕ ਹੌਅ ਉਨ੍ਹਾਂ ਦਾ ਸਾਰਾ ਜਿਸਮ ਝੂਣ ਜਾਂਦੀ ਏ।

ਆਪਣੇ 'ਕਾਕਨੂਸ' ਨਾਂ ਦੇ ਨਗ਼ਮੇਂ ਨੂੰ ਚੰਗਾ ਗਾਇਆ ਹੋਇਆ ਸੁਣ ਕੇ ਉਹ ਸਹਾਰ ਨਹੀਂ ਸਕਦੇ। ਇਸ ਨਗ਼ਮੇਂ ਨੂੰ ਸੁਣਨ ਤੋਂ ਬਾਅਦ ਜੇਹੜੀ ਤੜਪ ਮੈਂ ਉਨ੍ਹਾਂ ਦੀ ਵੇਖੀ ਹੋਈ ਏ, ਉਸ ਤੜਪ ਨੇ ਮੈਨੂੰ ਵੀ ਤੜਪਾ ਦਿੱਤਾ ਸੀ।

ਮਾਂਮਾਂ ਕਵਿਤਾਂਵਾਂ ਨਿਰੀਆਂ ਲਿਖਦੇ ਹੀ ਨਹੀਂ ਸਗੋਂ ਆਪਣੀ ਕਵਿਤਾ ਨਾਲ ਉਨ੍ਹਾਂ ਨੂੰ ਰੱਜ ਕੇ ਪਿਆਰ ਏ। ਉਨ੍ਹਾਂ ਦੀ ਕਵਿਤਾ ਉਨ੍ਹਾਂ ਦੀ ਇੱਕ ਬੜੀ ਕੀਮਤੀ ਦੌਲਤ ਏ–ਏਹੋ ਹੀ



ਉਨ੍ਹਾਂ ਦਾ ਆਸਰਾ ਏ ਤੇ ਇਹੋ ਹੀ ਉਨ੍ਹਾਂ ਦੀ ਜ਼ਿੰਦਗੀ ਏ। ਜ਼ਿੰਦਗੀ ਵਿੱਚ ਜੀਉਂ ਕੇ ਉਹ ਕਵਿਤਾ ਲਿਖਦੇ ਨੇ। 'ਸੁਨੇਹੁੜੇ' ਦੀਆਂ ਸਾਰੀਆਂ ਕਵਿਤਾਵਾਂ ਉਨ੍ਹਾਂ ਦੀ ਇੰਨੀ ਤੜਪ ਵਿਚੋਂ ਨਿਕਲੀਆਂ ਕਿ ਉਨ੍ਹਾਂ ਨੂੰ ਜਾਪਦਾ ਏ ਜਿਵੇਂ 'ਸੁਨੇਹੁੜੇ' ਕਿਤਾਬ ਨਾ ਹੋਵੇ ਸਗੋਂ ਉਨ੍ਹਾਂ ਦਾ ਇੱਕ ਬੱਚਾ ਹੋਵੇ...ਤੇ ਉਸ ਬੱਚੇ ਨੇ ਉਨ੍ਹਾਂ ਦੀਆਂ ਯਾਦਾਂ ਵਿਚੋਂ ਤੜਪ ਤੜਪਕੇ ਜਨਮ ਲਿਆ ਹੋਵੇ।



# ਕਾਵਿ-ਵੰਨਗੀ

## ਮਿਲੀ ਵੈਂਦਣਾ !

ਚਿੱਟੀਆਂ ਚਾਂਦੀ-ਰੰਬੇ ਦੀਆਂ ਧਾਰਾਂ
ਤੇ ਹਰਿਆ ਬੂਟਾ ਮੇਰੇ ਅੰਗਣਾ !
ਹੋ-ਮਿਲੀ ਵੈਂਦਣਾ !

ਤੇਰਾ ਹੁਸਨਾਂ ਦਾ ਬੁੱਤ,
ਸੈਲ ਪੱਥਰਾਂ ਦਾ ਚਿੱਤ,
ਸਾਡੀ ਜਵਾਨੀ ਦੀ ਰੁਤ,
ਜੀਵੇਂ ਚੰਗੀ ਨਹੀਂਉ ਅੱਤ,
ਰਖ ਇਸ਼ਕਾਂ ਦੀ ਪਤ ।
ਹੋ ਛੈਲਾ ਜੀ ! ਜੀਵੇਂ ਦੋ ਗੱਲਾਂ ਕੀ ?
ਨਾਲੇ ਲਾਣਾ, ਤੇ ਨਾਲੇ ਨਾਲੇ ਮੰਗਣਾ ?
ਹੋ-ਮਿਲੀ ਵੈਂਦਣਾ !

ਉਤੋਂ ਚੜ੍ਹੀ ਪਿਆ ਸਾਉਣ
ਵਗੇ ਆਖ਼ਰਾਂ ਦੀ ਪੌਣ
ਬੱਦਲ ਢਹਿਣ ਨੂੰ ਪਏ ਆਉਣ
ਟਾਹਣਾਂ ਧਰਤ ਉਤੇ ਝੋਣ
ਜਿਵੇਂ ਲਹਿੰਗੇ ਦੀ ਲੌਣ ।
ਸਾਵਣ ਮਾਂਹ ਦੀਆਂ ਨਦੀਆਂ ਤੋਂ ਵੀ
ਦਰਦਾਂ ਦਾ ਰੰਗ ਸੰਘਣਾ ।
ਹੋ-ਮਿਲੀ ਵੈਂਦਣਾ !

ਬੂਰ ਬੂਰ ਟਾਹਣੀਆਂ
ਮੈਂ ਮੁੜ ਮੁੜ ਆਹਣੀਆਂ !

ਦਿਲਾਂ ਦਿਆਂ ਹਾਣੀਆਂ !
ਉਮਰਾ ਪਈ ਜਾਣੀ ਆਂ
ਵਗਦਾ ਜਿਉਂ ਪਾਣੀ ਆਂ ।
ਢਲੀ ਢਲੀ ਜਾਣਾ, ਫੇਰ ਭਲਕੇ ਨਾ ਆਉਣਾ
ਜੇਹੜਾ ਪਾਣੀ ਪੱਤਣ ਤੋਂ ਲੰਘਣਾ
ਹੋ-ਮਿਲੀ ਵੈਂਦਣਾ ।

## ਸ਼ੌਕ ਸੁਰਾਹੀ

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਦਿਹੁ ਗੁਜ਼ਾਰੇ ?
ਜਿੰਦ ਕਹੇ 'ਮੈਂ ਸੁਪਨੇ ਤੇਰੇ
ਮਹਿੰਦੀ ਨਾਲ ਸ਼ਿੰਗਾਰੇ ।'

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਨੈਣ ਰੋਵੇਂਦੇ ?
ਜਿੰਦ ਕਹੇ 'ਮੈਂ ਲੱਖਾਂ ਤਾਰੇ
ਜ਼ੁਲਫ਼ ਤੇਰੀ ਵਿਚ ਗੁੰਦੇ ।'

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਬਲੇ ਸਵਾਈ ?
ਜਿੰਦ ਕਹੇ 'ਮੈਂ ਆਤਸ਼ ਤੇਰੀ
ਪੱਛੀ ਹੇਠ ਲੁਕਾਈ ।'



ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਵਰ੍ਹੇ ਬਿਤਾਏ ?
ਜਿੰਦ ਕਹੇ 'ਮੈਂ ਸ਼ੌਕ ਤੇਰੇ ਨੂੰ
ਸੂਲਾਂ ਦੇ ਵੇਸ ਹੰਢਾਏ ।'

ਇਸ਼ਕ ਪੁਛੇਂਦਾ ਦਸ ਨੀ ਜਿੰਦੇ
ਘਾਉ ਕਹੇ ਕੁ ਡੰਗੇ ?
ਜਿੰਦ ਕਹੇ 'ਮੈਂ ਰੱਤ ਜਿਗਰ ਦੀ
ਸ਼ਗਨਾਂ ਦੇ ਸਾਲੂ ਰੰਗੇ ।'

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕਰਮ ਕਹੇ ਕੁ ਕੀਤੇ ?
ਜਿੰਦ ਕਹੇ 'ਤੇਰੀ ਸ਼ੌਕ ਸੁਰਾਹੀਓਂ
ਦੁੱਖਾਂ ਦੇ ਦਾਰੂ ਪੀਤੇ ।'

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਉਮਰਾ ਬੀਤੀ ?
ਜਿੰਦ ਕਹੇ 'ਮੈਂ ਨਾਮ ਤੇਰੇ ਤੋਂ
ਸਦ ਕੁਰਬਾਨੇ ਕੀਤੀ ।'

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਆਸ਼ਕ ਦਾ ਕੀ ਕਹਿਣਾ ?
ਜਿੰਦ ਕਹੇ 'ਤੇਰਾ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ ।'

(ਅਸ਼ੋਕਾ ਚੇਤੀ)

## ਮਾਨ ਸਰੋਵਰ

ਦਿਲ ਦਾ ਮਾਨ ਸਰੋਵਰ ਭਰਿਆ
ਤੇਰੀਆਂ ਯਾਦਾਂ ਈਕੁਣ ਆਈਆਂ
ਜਿਉਂ ਹੰਸਾਂ ਦੀ ਡਾਰ ਵੇ।
ਰਾਹਵਾਂ ਨੇ ਅਜ ਕੇਸਰ ਧੂੜੇ
ਪਾਣੀ ਪੀਣ ਛੰਭ ਦੇ ਕੰਢੇ
ਲੱਥੀ ਜਿਵੇਂ ਬਹਾਰ ਵੇ।
ਕਿਰਣਾਂ ਜਿਉਂ ਮੌਲੀ ਦੀਆਂ ਲੜੀਆਂ।
ਮੇਢੀ ਦੇ ਵਿਚ ਗੁੰਦਣ ਲੱਗੀ
ਰਾਤ ਹੋਈ ਮੁਟਿਆਰ ਵੇ।
ਸੱਤ ਸਰਘੀਆਂ ਮਹਿੰਦੀ ਘੋਲਣ
ਧਰਤੀ ਦੇ ਇਸ ਸਾਲੂ ਦਾ
ਪਰ ਲਹਿੰਦਾ ਜਾਏ ਲੰਗਾਰ ਵੇ।
ਭੋਲਾ ਇਸ਼ਕ ਧੂੜਦਾ ਜਾਦੂ
ਰੇਤ ਥਲਾਂ ਵਿਚ ਚੰਬਾ ਖਿੜਿਆ
ਦੂਣ ਦੁਣ ਗਈਆਂ; ਹਾਰ ਵੇ!
ਅੱਜ ਉਡੀਕਾਂ ਜ਼ਖਮੀ ਹੋਈਆਂ
ਨਾ ਕੋਈ ਤੇਰੀ, 'ਵਾਜ਼ ਸੁਣੀਂਦੀ
ਨਾ ਕੋਈ ਪਵੇ ਨੁਹਾਰ ਵੇ।
ਦਿਲ ਦਾ ਮਾਨ ਸਰੋਵਰ ਭਰਿਆ
ਅੱਖੀਓਂ ਸੁੱਚੇ ਮੋਤੀ ਚੁਗਦੀ
ਇਹ ਹੰਸਾਂ ਦੀ ਡਾਰ ਵੇ।
ਦਿ ਲ ਦਾ ਮਾ ਨ ਸਰੋ ਵ ਰ ਭ ਰਿ ਆ .........

(ਅਸ਼ੋਕਾ ਚੇਤੀ)



## ਅੱਜ

ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ!
ਫੇਰ ਹਨੇਰੇ ਚਉਸਰ ਖੇਡੇ
ਫਜ਼ਰ ਗਈ ਊ ਪੁੱਗ ਵੇ।
ਪੂਰਬ ਦੀ ਇਕ ਟਾਹਣੀ ਉੱਤੇ
ਕਿਰਣਾਂ ਪਈਆਂ ਉਗ ਵੇ।
ਸੱਭੇ ਯਾਦਾਂ ਉਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ।

ਅੱਲ੍ਹੜ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ।
ਲਗਰਾਂ ਜਹੀਆਂ ਸਿਖਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ।
ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੂੰਬ ਵੇ।
ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਨਾਂ ਮਾਰੀ ਝੁੰਬ ਵੇ।

ਕਿਰਨਾਂ ਜਿਵੇਂ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ।
ਕਿਸੇ ਰਾਹੀ ਨੇ ਅੱਗੀ ਝਾੜੀ
ਪੰਛੀ ਝਾੜੇ ਖੰਭ ਵੇ।

ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ।
ਏਸ ਹਿਜਰ ਦੇ ਪੈਂਡੇ ਉਤੇ
ਜਿੰਦ ਗਈ ਮੇਰੀ ਹੰਭ ਵੇ।

ਡੋਲ ਗਈ ਸੂਰਜ ਦੀ ਏੜੀ
ਪੱਛਮ ਉਠੀ ਛੱਲ ਵੇ।
ਗੰਢ ਪੋਟਲੀ ਢੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ।

ਕਿਹੜੇ ਬੱਦਲੋਂ ਕਣੀਆਂ ਲੱਥੀਆਂ
ਅੱਖੀਆਂ ਭਰ ਲਈ ਡੱਲ ਵੇ।
ਹਰ ਇਕ ਮੇਰੀ 'ਅੱਜ' ਢੂੰਡਦੀ
ਕਿੱਥੇ ਕੁ ਤੇਰੀ 'ਕੱਲ੍ਹ' ਵੇ?

(ਸੁਨੇਹੜੇ)



## ਵਾਰਸ ਸ਼ਾਹ

ਅਜ ਆਖਾਂ ਵਾਰਸਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ !
ਤੇ ਅਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ :

ਵੇ ਦਰਦਮੰਦਾਂ ਦਿਆ ਦਰਦੀਆ ! ਉਠ ਤੱਕ ਆਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿਚ, ਦਿਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ, ਦਿਤਾ ਪਾਣੀ ਲਾ

ਇਸ ਜ਼ਰਖੇਜ਼ ਜ਼ਮੀਨ ਦੇ, ਲੂੰ ਲੂੰ ਫੁਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ, ਫੁਟ ਫੁਟ ਚੜ੍ਹਿਆ ਕਹਿਰ
ਵਿਹੁ-ਵਲਿੱਸੀ ਵਾ ਫਿਰ, ਵਣ ਵਣ ਵੱਗੀ ਜਾ
ਓਹਨੇ ਹਰ ਇਕ ਵਾਂਸ ਦੀ ਵੰਝਲੀ, ਦਿੱਤੀ ਨਾਗ ਬਣਾ

ਪਹਿਲਾ ਡੰਗ ਮਦਾਰੀਆਂ, ਮੰਤ੍ਰ ਗਏ ਗੁਆਚ
ਦੂਜੇ ਡੰਗ ਦੀ ਲਗ ਗਈ, ਜਣੇ ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ, ਬਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ, ਨੀਲੇ ਪੈ ਗਏ ਅੰਗ

ਗਲਿਓਂ ਟੁਟੇ ਗੀਤ ਫਿਰ, ਤ੍ਰੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸ`ਲੀਆਂ, ਚਰਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ, ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅਜ, ਪਿੱਪਲਾਂ ਦਿੱਤੀ ਤੋੜ

ਜਿਥੇ ਵਜਦੀ ਸੀ ਫੂਕ ਪਿਆਰ ਦੀ, ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅਜ, ਭੁਲ ਗਏ ਉਹਦੀ ਜਾਚ
ਧਰਤੀ ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ, ਅਜ ਵਿਚ ਮਜ਼ਾਰਾਂ ਰੋਣ

ਅਜ ਸੱਭੇ ਕੈਦੋ ਬਣ ਗਏ, ਹੁਸਨ ਇਸ਼ਕ ਦੇ ਚੋਰ
ਅਜ ਕਿਥੋਂ ਲਿਆਈਏ ਲੱਭ ਕੇ ਵਾਰਸਸ਼ਾਹ ਇਕ ਹੋਰ
ਅੱਜ ਆਖਾਂ ਵਾਰਸਸ਼ਾਹ ਨੂੰ ਤੂੰਹੇ ਕਬਰਾਂ ਵਿਚੋਂ ਬੋਲ !
ਤੂੰ ਅਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ !

[ਲੰਮੀਆਂ ਵਾਟਾਂ]



## ਸੰਸਕਾਰ

ਤੇਰਾ ਇਸ਼ਕ, ਸੰਸਕਾਰਾਂ ਦਾ
ਮੁਹਤਾਜ ਬਣ ਕੇ ਰਹਿ ਗਿਆ !
ਸੰਸਕਾਰਾਂ ਦੀ ਧੂੜ ਬੜੀ ਗਾੜ੍ਹੀ ਜਹੀ ਹੁੰਦੀ ਏ
ਮੈਂ ਹੋਰ ਕੁਝ ਨਹੀਂ ਆਖਦੀ
ਧੂੜ ਦਾ ਜਾਦੂ ਤੇਰੀ ਉਸ ਮੁਹੱਬਤ ਤੇ ਪੈ ਗਿਆ !
ਇਸ਼ਕ, ਸੰਸਕਾਰਾਂ ਦਾ
ਮੁਹਤਾਜ ਬਣ ਕੇ ਰਹਿ ਗਿਆ !
ਨਿਰੋਲ ਇਕ ਮੁਹੱਬਤ ਤਾਂ ਜੰਮੀ ਸੀ ਜ਼ਰੂਰ
ਸੰਸਕਾਰਾਂ ਦੇ ਕੰਡੇ ਬੜੇ ਤਿੱਖੇ ਜਹੇ ਹੁੰਦੇ ਨੇ
ਬਣ ਚੁਕੇ ਨੇ ਨਾਲੇ ਤਾਰੀਖ਼ੀ ਤਅੱਸਬ
ਮੁਹੱਬਤ ਦਾ ਦਾਮਨ
ਅਜ ਕੰਡਿਆਂ ਨਾਲ ਖਹਿ ਗਿਆ
ਉਲਝ ਕੇ ਰਹਿ ਗਿਆ ।
ਮੁਹੱਬਤ ਦਾ ਰੰਗ ਸੀ, ਕਰਾਰਾਂ ਦਾ ਗ਼ੁਲਾਮ
ਲੈਂਦਾ ਸੀ ਤਸੱਲੀ ਮੇਰੇ ਕੌਲਾਂ ਤੋਂ ਹੁਦਾਰੀ
ਮਾਂਗਵੀਂ ਉਡਾਰੀ
ਉਡਾਰੀਆਂ ਦਾ ਪੰਛੀ
ਅਜ ਆਲ੍ਹਣੇ 'ਚ ਬਹਿ ਗਿਆ ।
ਇਸ਼ਕ ਸੰਸਕਾਰਾਂ ਦਾ
ਮੁਹਤਾਜ ਬਣ ਕੇ ਰਹਿ ਗਿਆ !

ਪੁਲ ਕਦੇ ਵੀ ਪਾਣੀਆਂ ਦੀ ਰੰਗਤ ਨਹੀਂ ਪਰਖਦੇ

ਗੰਧਲਾਪਣਾ ਨਿਰਮਲਪਣਾ ਪੈਰਾਂ, ਚੋਂ ਲੰਘ ਜਾਂਦੇ
ਮੈਨੂੰ ਤਰਸ ਆਉਂਦਾ ਹੈ ਤੇਰੇ ਇਸ਼ਕ ਤੇ
ਜੋ ਪਾਣੀਆਂ ਦੀ ਰੰਗਤ ਤੇ
ਸਵਾਲਾਂ ਵਿਚ ਪੈ ਗਿਆ
ਇਸ਼ਕ, ਸੰਸਕਾਰਾਂ ਦਾ,
ਮੁਹਤਾਜ ਬਣ ਕੇ ਰਹਿ ਗਿਆ ।
ਕੁਰਬਾਨੀਆਂ ਦੇ ਰਾਹ ਬੜੇ ਵਿੰਗੇ ਜਹੇ ਹੁੰਦੇ ਨੇ
ਸੂਲਾਂ ਦਾ ਗੇੜਾ ਵੀ ਕਦੇ ਆ ਸਕਦਾ ਹੈ
ਕਿਤਨੀ ਹਿਫ਼ਾਜ਼ਤ ਹੈ ਦੁਨੀਆਂ ਦੀ ਲੀਹ ਤੇ
ਪਿਆਰਾਂ ਦੀ ਪਰਖ ਵਿਚ ਪੈਣ ਕੋਲੋਂ ਪਹਿਲਾਂ ਹੀ
ਚੰਗਾ ਹੈ ਪੈਰ ਤੇਰਾ ਉਸ ਲੀਹ ਤੇ ਪੈ ਗਿਆ ।

ਇਸ਼ਕ, ਸੰਸਕਾਰਾਂ ਦਾ,
ਮੁਹਤਾਜ ਬਣ ਕੇ ਰਹਿ ਗਿਆ !

## ਇਕਰਾਰਾਂ ਵਾਲੀ ਰਾਤ

ਕੋਲਾਂ ਭਰੀ ਸਵੇਰ ਹੈ ਮੇਰੀ
ਰਾਤ ਮੇਰੀ ਇਕਰਾਰਾਂ ਵਾਲੀ,
ਮੈਂ ਹਾਂ, ਵਾਜ ਮੇਰੀ ਧਰਤੀ ਦੀ
ਇਹ ਧਰਤੀ ਦੀ ਬਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਹਰ ਪੱਤਰ ਦੀ ਮਹਿਕ ਅੰਦਰੋਂ
ਮਹਿਕ ਮੇਰੇ ਸਾਹਵਾਂ ਦੀ ਆਵੇ,
ਹਰ ਸਿੱਟੇ ਦੀਆਂ ਅੱਖਾਂ 'ਚੋਂ
ਮੇਰੇ ਅੰਗ ਪਾਂਦੇ ਨੇ ਝਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।



ਵਰ੍ਹਿਆਂ ਬੱਧੀ ਜ਼ਰੀਂ ਬੀਜੇ
ਵਰ੍ਹਿਆਂ ਬੱਧੀ ਜਬਰੀ ਹਿੱਕੇ
ਬਹੁਤ ਹੋ ਗਿਆ ਹੋ ਨਹੀਂ ਸਕਦਾ
ਮੇਰੇ ਅੰਨ ਦਾ ਘਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਅੱਖੀਆਂ ਵਿੱਚੋਂ ਅੱਥਰੂ ਡੌਲ੍ਹੇ
ਹੋਠਾਂ ਨਾਲੋਂ ਮਿੰਨਤ ਝਾੜੀ,
ਆਪੇ ਦਾਰੂ ਆਪੇ ਦਰਮਲ
ਆਪੇ ਪੁੱਛੀ ਵਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਹੱਸ ਪਈ ਮੇਰੀ ਹਾੜੀ ਸੌਣੀ
ਹੱਸ ਪਏ ਮੇਰੇ ਸਾਲ ਮਹੀਨੇ,
ਹੱਸੀਆਂ ਲੂਆਂ, ਹੱਸੇ ਪਾਲੇ
ਹੱਸ ਪਈ ਬਰਸਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਮੈਂ ਆਪੇ ਗੋਡੀ,
ਇਹ ਕਣਕਾਂ ਮੈਂ ਆਪੇ ਛੰਡੀਆਂ,
ਇਹ 'ਰੋਟੀ' ਅੱਜ ਮੇਰੀ ਹੋਈ
ਮੇਰਾ ਹੋ ਗਿਆ 'ਭਾਤ'
ਮੇਰੀ-ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਅਜ ਲੋਕਾਂ ਜੋਗੀ
ਇਹ ਲੋਕੀ ਅਜ ਧਰਤੀ ਜੋਗੇ,
ਭਰ ਕੇ ਚਾੜ੍ਹ ਹਾਂਡੀਆਂ ਕੁੜੀਏ !
ਭਰ ਕੇ ਗੁੰਨ੍ਹ ਪਰਾਤ !
ਮੇਰੀ-ਇਕਰਾਰਾਂ ਵਾਲੀ ਰਾਤ ।

(ਸਰਘੀ ਵੇਲਾ)

